# ਸਜਾਵਟੀ ਵਸਤਾਂ ਆਮਦਨ ਦੇ ਵਸੀਲੇ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

ਕੀਮਤ: 10 ਰੁਪਏ

# ਸਜਾਵਟੀ ਵਸਤਾਂ ਆਮਦਨ ਦੇ ਵਸੀਲੇ

ਨੀਲਮ ਮਹਿਰੋਤਰਾ
ਮਨਜੀਤ ਕੌਰ
ਮਨਜੀਤ ਕੌਰ ਢਿੱਲੋਂ
ਸੁਰਿੰਦਰਜੀਤ ਕੌਰ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ
ਪੰਜਾਬ ਖੇਤੀਬਾੜੀ ਯੂਨੀਵਰਸਿਟੀ
ਲੁਧਿਆਣਾ-141004

ਬੁਲਿਟਨ ਨੰਬਰ - ਪੀ ਏ ਯੂ/2008/ਐਫ਼/676/ਪੀ

ਪਹਿਲੀ ਵਾਰ - ਸਤੰਬਰ 2004
ਦੂਜੀ ਵਾਰ - ਮਾਰਚ 2009

ਸੰਪਾਦਕ
**ਗੁਰਭਜਨ ਸਿੰਘ ਗਿੱਲ**

ਛਾਪਕ ਅਤੇ ਪ੍ਰਕਾਸ਼ਕ, ਡਾ. ਜਗਤਾਰ ਸਿੰਘ ਧੀਮਾਨ ਐਡੀਸ਼ਨਲ ਡਾਇਰੈਕਟਰ ਸੰਚਾਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਈ ਪੀ ਏ ਯੂ ਪ੍ਰਿੰਟਿੰਗ ਪ੍ਰੈਸ, ਲੁਧਿਆਣਾ ਤੋਂ ਛਪਵਾਇਆ ।

pau_comm@pau.edu pau.comm@gmail.com

ਕਵਰ ਡੀਜ਼ਾਈਨ : **ਕੁਲਵੰਤ ਸਿੰਘ ਬਸਰਾ**

# ਮੁੱਖਬੰਦ

ਘਰ ਮਨੁੱਖ ਨੂੰ ਸਮਾਜਿਕ, ਸ਼ਰੀਰਕ ਅਤੇ ਮਾਨਸਿਕ ਸੁੱਰਖਿਆ ਦਿੰਦਾ ਹੈ। ਹਰੇਕ ਔਰਤ ਆਪਣੇ ਘਰ ਨੂੰ ਵਧੀਆ ਤਰੀਕਿਆਂ ਨਾਲ ਸੰਵਾਰ ਕੇ ਰੱਖਦੀ ਹੈ ਅਤੇ ਸਜਾਵਟ ਲਈ ਸੁਹਣੀਆਂ ਅਤੇ ਮਹਿੰਗੀਆਂ ਵਸਤਾਂ ਦੀ ਭਾਲ ਵਿਚ ਰਹਿੰਦੀ ਹੈ। ਪਰ ਘਰ ਨੂੰ ਸ਼ਿੰਗਾਰਨ ਲਈ ਬਹੁਤੀਆਂ ਕੀਮਤੀ ਵਸਤਾਂ ਦੀ ਲੋੜ ਨਹੀਂ। ਥੋੜ੍ਹੀ ਜਿਹੀ ਲਗਨ, ਥੋੜ੍ਹੀ ਮਿਹਨਤ ਤੇ ਥੋੜ੍ਹਾ ਜਿਹਾ ਪੈਸਾ ਖਰਚ ਕੇ ਘਰ ਬੈਠਿਆਂ ਹੀ ਬਹੁਤ ਖੂਬਸੂਰਤ ਵਸਤਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਇਸ ਕਿਤਾਬਚੇ ਰਾਹੀਂ ਸੁਆਣੀਆਂ ਨੂੰ ਘਰ ਵਿਚ ਹੀ ਅਨੇਕਾਂ ਸਜਾਵਟੀ ਵਸਤਾਂ ਬਨਾਉਣ ਦੀ ਵਿਸਤਾਰ–ਪੂਰਬਕ ਜਾਣਕਾਰੀ ਦਿੱਤੀ ਗਈ ਹੈ। ਸਜਾਵਟ ਦੀਆਂ ਇਨ੍ਹਾਂ ਵਸਤਾਂ ਨੂੰ ਬਣਾ ਕੇ ਇਕ ਸੁਚੱਜੀ ਅੰਰਤ ਨਾਕੇਵਲ ਆਪਣੇ ਵਿਹਲੇ ਸਮੇਂ ਦਾ ਸਦ ਉਪਯੋਗ ਕਰ ਸਦੀ ਹੈ, ਘਰ ਸਜਾ ਸਕਦੀ ਹੈ, ਆਪਣੀ ਕਲਾ ਨਿਪੁੰਨਤਾ ਦਾ ਪ੍ਰਗਟਾਵਾ ਕਰ ਸਕਦੀ ਹੈ ਬਲਕਿ ਇਸ ਨੂੰ ਆਮਦਨ ਦੇ ਸਾਧਨ ਵਜੋਂ ਵੀ ਅਪਣਾ ਸਕਦੀ ਹੈ। ਜੇ ਤੁਹਾਡਾ ਸੁਹਜ ਸੁਆਦ ਦਾ ਪੱਧਰ ਆਮ ਨਾਲ.. ਕੁਝ ਵੱਖਰਾ ਹੈ ਅਤੇ ਤੁਹਾਡੇ ਵਿਚ ਕੰਮ ਕਰਨ ਦਾ ਚਾਅ ਵੀ ਹੈ, ਤਾਂ ਸਾਡਾ ਵਿਸ਼ਵਾਸ ਹੈ ਕਿ ਇਹ ਪੁਸਤਕ ਤੁਹਾਡੀ ਕਲਾ ਨੂੰ ਸਹੀ ਸੇਧ ਵਿਚ ਨਿਖਾਰਨ ਦਾ ਸਾਧਨ ਜ਼ਰੂਰ ਬਣੇਗੀ। ਆਪਦੇ ਘਰ ਨੂੰ ਕਲਾਤਮਕ ਢੰਗ ਨਾਲ ਸਜਾ ਸੰਵਾਰ ਸਕਣ ਵਾਲੀ ਇਕ ਸੁਚੱਜੀ ਅੰਰਤ ਸਵੈ ਨਿਰਭਰ ਵੀ ਹੋਵੇ, ਇਹੀ ਸਾਡੀ ਕਾਮਨਾ ਹੈ ਅਤੇ ਯਤਨ ਵੀ ।

ਲੇਖਕ

# ਤਤਕਰਾ

## ਅਧਿਆਇ - 1

# ਸਜਾਵਟੀ ਵਸਤਾਂ ਦੀ ਮਹੱਤਤਾ

ਘਰ ਸਜਾਉਣਾ ਵੀ ਇਕ ਕਲਾ ਹੈ। ਸੁਹਣੀਆਂ ਵਸਤਾਂ ਨਾਲ ਸਜਿਆ ਘਰ ਹਰ ਕਿਸੇ ਦੇ ਮਨ ਨੂੰ ਮੋਹ ਲੈਂਦਾ ਹੈ ਅਤੇ ਖੁਸ਼ੀ ਦਿੰਦਾ ਹੈ। ਹਰੇਕ ਸੁਆਣੀ ਦਾ ਆਪਣੇ ਘਰ ਨੂੰ ਸੁਹਣੇ ਢੰਗ ਨਾਲ ਸਜਾਉਣ ਦਾ ਸੁਪਨਾ ਹੁੰਦਾ ਹੈ। ਇਸ ਸੁਪਨੇ ਨੂੰ ਪੂਰਾ ਕਰਨ ਲਈ ਉਹ ਤਰ੍ਹਾਂ-ਤਰ੍ਹਾਂ ਦੇ ਸਜਾਵਟੀ ਸਮਾਨ ਦੀ ਭਾਲ ਵਿਚ ਲੱਗੀ ਰਹਿੰਦੀ ਹੈ। ਕਿਸੇ ਨੁਮਾਇਸ਼ ਜਾਂ ਬਜ਼ਾਰ ਵਿਚ ਲੰਘਦਿਆਂ ਸੁਆਣੀਆਂ ਦਾ ਧਿਆਨ ਹਮੇਸ਼ਾਂ ਸੁਹਣੇ-ਸੁਹਣੇ ਸਜਾਵਟੀ ਸਮਾਨ ਵੱਲ ਖਿੱਚਿਆ ਜਾਂਦਾ ਹੈ। ਬਾਜ਼ਾਰਾਂ ਵਿਚ ਤਾਂ ਇਹ ਸਮਾਨ ਬਹੁਤ ਹੀ ਮਹਿੰਗਾ ਮਿਲਦਾ ਹੈ ਅਤੇ ਕਈ ਵਾਰੀ ਪੈਸੇ ਦੀ ਕਮੀ ਹੋਣ ਕਾਰਨ ਸਾਨੂੰ ਮਨ ਦੀ ਇੱਛਾ ਨੂੰ ਦਬਾਉਣਾ ਵੀ ਪੈਂਦਾ ਹੈ, ਪਰ ਘਰ ਨੂੰ ਸਜਾਉਣ ਲਈ ਅਤੇ ਸ਼ਿੰਗਾਰਨ ਲਈ ਬਹੁਤੀਆਂ ਕੀਮਤੀ ਵਸਤਾਂ ਦੀ ਲੋੜ ਨਹੀਂ। ਥੋੜ੍ਹੀ ਜਿਹੀ ਲਗਨ, ਮਿਹਨਤ ਅਤੇ ਥੋੜ੍ਹਾ ਜਿਹਾ ਪੈਸਾ ਖ਼ਰਚ ਕੇ ਘਰ ਬੈਠਿਆਂ ਹੀ ਖੂਬਸੂਰਤ ਵਸਤਾਂ ਬਣਾਈਆਂ ਜਾ ਸਕਦੀਆਂ ਹਨ ਅਤੇ ਇਸ ਨੂੰ ਆਮਦਨ ਦਾ ਵਸੀਲਾ ਵੀ ਬਣਾਇਆ ਜਾ ਸਕਦਾ ਹੈ। ਹਰੇਕ ਸੁਆਣੀ ਨੂੰ ਚਾਹੀਦਾ ਹੈ ਕਿ ਉਹ ਘਰ ਦੇ ਕੰਮਾਂ ਤੋਂ ਇਲਾਵਾ ਆਪਣਾ ਵਾਧੂ ਸਮਾਂ ਵਿਹਲੇ ਬੈਠ ਕੇ ਜਾਂ ਫ਼ਾਲਤੂ ਕੰਮਾਂ ਤੇ ਨਾ ਗੁਜ਼ਾਰੇ, ਸਗੋਂ ਉਸ ਸਮੇਂ ਵਿਚ ਸਜਾਵਟ ਦੀਆਂ ਵਸਤਾਂ ਘਰ ਵਿਚ ਹੀ ਬਣਾਏ। ਇਸ ਨਾਲ ਸੁਆਣੀ ਦੀ ਸਮਝ, ਕਲਪਨਾ ਸ਼ਕਤੀ ਅਤੇ ਕੰਮਾਂ ਵਿਚ ਨਿਪੁੰਨਤਾ ਦਾ ਪਤਾ ਲੱਗਦਾ ਹੈ। ਨਾਲ ਹੀ ਆਪਣੇ ਹੱਥੀਂ ਸਜਾਵਟੀ ਸਮਾਨ ਬਣਾ ਕੇ ਮਨ ਨੂੰ ਖੁਸ਼ੀ ਅਤੇ ਸੰਤੁਸ਼ਟੀ ਮਿਲਦੀ ਹੈ। ਇਕ ਵਾਰੀ ਮੁਹਾਰਤ ਹਾਸਲ ਕਰਨ ਤੋਂ ਬਾਅਦ, ਇਨ੍ਹਾਂ ਨੂੰ ਬਣਾਉਣਾ ਕੋਈ ਮੁਸ਼ਕਿਲ ਵੀ ਨਹੀਂ ਲੱਗਦਾ ਅਤੇ ਆਪ ਮੁਹਾਰੇ ਹੀ ਕਲਾ ਦੇ ਨਮੂਨੇ ਦਿਮਾਗ ਵਿਚ ਉਭਰਦੇ ਹਨ। ਵੱਖ-ਵੱਖ ਢੰਗਾਂ ਅਤੇ ਤਕਨੀਕਾਂ ਰਾਹੀਂ ਜਿਵੇਂ ਕਿ ਫੈਬ੍ਰਿਕ ਪੇਂਟਿੰਗ, ਟਾਈ ਡਾਈ, ਬਾਟਿਕ ਪੇਂਟਿੰਗ, ਸੁੱਕੀ ਬਨਸਪਤੀ ਤੋਂ ਫੁੱਲ ਸਜਾਉਣਾ, ਕੱਪੜੇ ਅਤੇ ਕਾਗਜ਼ ਦੇ ਫੁੱਲ ਬਨਾਉਣਾ ਆਦਿ ਨਾਲ ਘਰ ਵਿਚ ਹੀ ਵਧੀਆ ਸਜਾਵਟੀ ਸਮਾਨ ਬਣਾਇਆ ਜਾ ਸਕਦਾ ਹੈ। ਇਸ ਕਿਤਾਬਚੇ ਵਿਚ ਇਨ੍ਹਾਂ ਸਾਰੀਆਂ ਤਕਨੀਕਾਂ ਦੇ ਤਰੀਕੇ ਬਾਰੇ ਵਿਸਥਾਰ ਸਹਿਤ ਲਿਖਿਆ ਗਿਆ ਹੈ ਅਤੇ ਚਿੱਤਰਾਂ ਰਾਹੀਂ ਹੋਰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਸੁਆਣੀਆਂ ਇਸ ਕਿਤਾਬਚੇ ਰਾਹੀਂ ਇਨ੍ਹਾਂ ਤਕਨੀਕਾਂ ਨੂੰ ਅਪਣਾ ਕੇ ਵੱਧ ਤੋਂ ਵੱਧ ਲਾਭ ਉਠਾ ਸਕਦੀਆਂ ਹਨ ਅਤੇ ਆਪਣੇ ਘਰ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਸਕਦੀਆਂ ਹਨ ।

## ਅਧਿਆਇ-2

### 1.1 ਪੇਂਟਿੰਗ ਦੁਆਰਾ ਸਜਾਵਟੀ ਵਸਤਾਂ

ਇਸ ਪਾਠ ਵਿਚ ਪੇਂਟਿੰਗ ਦੀਆਂ ਦੋ ਵਿਧੀਆਂ (ਫੈਬਰਿਕ ਪੇਂਟਿੰਗ ਅਤੇ ਗਲਾਸ ਪੇਂਟਿੰਗ ) ਤੋਂ ਸਜਾਵਟੀ ਵਸਤਾਂ ਤਿਆਰ ਕਰਨ ਦਾ ਤਰੀਕਾ ਦਰਸਾਇਆ ਗਿਆ ਹੈ ।

### 1.1.1. ਫੈਬਰਿਕ ਪੇਂਟਿੰਗ

ਫੈਬਰਿਕ ਪੇਂਟਿੰਗ ਕੱਪੜੇ ਉੱਪਰ ਕੀਤੀ ਜਾਂਦੀ ਹੈ। ਇਸ ਰਾਹੀਂ ਅਸੀਂ ਵੱਖ-ਵੱਖ ਤਰਾਂ ਦੀਆਂ ਚੀਜ਼ਾਂ ਤਿਆਰ ਕਰ ਸਕਦੇ ਹਾਂ ਜਿਵੇਂ ਕਿ ਕੁਸ਼ਨ-ਕਵਰ, ਮੇਜ਼ਪੋਸ਼, ਚਾਦਰਾਂ, ਸਰਾਹਣਿਆਂ ਦੇ ਗਿਲਾਫ਼ ਅਤੇ ਪਰਦੇ ਆਦਿ। ਫੈਬਰਿਕ ਪੇਂਟਿੰਗ ਸੂਤੀ, ਸਿਲਕ, ਟਾਫਟਾ ਜਾਂ ਕਿਸੇ ਵੀ ਰੇਸ਼ਮੀ ਕੱਪੜੇ ਤੇ ਕੀਤੀ ਜਾ ਸਕਦੀ ਹੈ। ਇਸ ਪੇਂਟਿੰਗ ਲਈ ਫੈਬਰਿਕ ਰੰਗ ਪ੍ਰਯੋਗ ਕੀਤੇ ਜਾਂਦੇ ਹਨ। ਬਾਜ਼ਾਰ ਵਿਚ ਕਈ ਕਿਸਮ ਦੇ ਫੈਬਰਿਕ ਰੰਗ ਮਿਲਦੇ ਹਨ। ਆਮ ਤੌਰ ਤੇ ਹੇਠ ਲਿਖੇ ਦੋ ਤਰ੍ਹਾਂ ਦੇ ਰੰਗਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ;

1. ਫੈਬਰੋ ਰੰਗ
2. ਕੈਮਲ ਰੰਗ

ਕੈਮਲ ਰੰਗ ਵਿਚ ਮੀਡੀਅਮ ਮਿਲਾਉਣ ਦੀ ਜ਼ਰੂਰਤ ਪੈਂਦੀ ਹੈ। ਇਹ ਜ਼ਿਆਦਾਤਰ ਸੂਤੀ ਕੱਪੜਿਆਂ ਲਈ ਠੀਕ ਰਹਿੰਦੇ ਹਨ ।


**ਫੈਬਰੋ ਰੰਗ:** ਇਹ ਤਰਲ ਦੇ ਰੂਪ ਵਿਚ ਮਿਲਦੇ ਹਨ। ਇਸ ਵਿਚ ਮੀਡੀਅਮ ਮਿਲਾਉਣ ਦੀ ਜ਼ਰੂਰਤ ਨਹੀਂ ਪੈਂਦੀ। ਅਗਰ ਰੰਗ ਗਾੜ੍ਹੇ ਲੱਗਣ ਤਾਂ ਸਾਦੇ ਪਾਣੀ ਦੀ 1:2 ਬੂੰਦਾਂ ਰਲਾਉਣ ਨਾਲ ਠੀਕ ਹੋ ਜਾਂਦੇ ਹਨ ।

### 2.1.2. ਪੇਂਟਿੰਗ ਕਰਨ ਦੀ ਵਿਧੀ

ਸਭ ਤੋਂ ਪਹਿਲਾਂ ਸੋਚੋ ਕਿ ਪੇਂਟਿੰਗ ਦੁਆਰਾ ਕੀ ਬਨਾਉਣਾ ਹੈ। ਉਸੇ ਅਨੁਸਾਰ ਹੀ ਕੱਪੜਾ ਚੁਣ ਲਵੋ ਅਤੇ ਫਿਰ ਆਪਣੇ ਮਨਪਸੰਦ ਡਿਜ਼ਾਈਨ ਕੱਪੜੇ ਉੱਪਰ ਬਣਾ ਲਵੋ। ਫਿਰ ਬੁਰਸ਼ ਨਾਲ ਡਿਜ਼ਾਈਨ ਵਿਚ ਰੰਗ ਭਰਨੇ ਸ਼ੁਰੂ ਕਰੋ। ਇਸ ਲਈ 2 ਅਤੇ 4 ਨੰਬਰ ਦੇ ਫਲੈਟ ਬੁਰਸ਼ ਅਤੇ ਇਕ ਨੰਬਰ ਦਾ ਗੋਲ ਬੁਰਸ਼ ਲਵੋ। ਰੰਗ ਭਰਨ ਲਈ ਪਹਿਲਾਂ ਹਲਕੇ ਰੰਗ, ਬਾਅਦ ਵਿਚ ਗੂੜ੍ਹੇ ਰੰਗ ਭਰੋ। ਪੇਂਟਿੰਗ ਵਿਚ ਨਿਖ਼ਾਰ ਲਿਆਉਣ ਲਈ ਅਤੇ ਆਰਟਿਸਟ ਦੀ ਤਰ੍ਹਾਂ ਰੰਗ ਕਰਨ ਲਈ ਅੱਗੇ ਲਿਖੇ ਤਰੀਕਿਆਂ ਨਾਲ ਰੰਗ ਭਰੋ :

## 2.1.3 (ੳ) ਸਟਰੋਕਸ ਦੇਣਾ


ਇਸ ਤਰੀਕੇ ਨਾਲ ਡਿਜ਼ਾਈਨ ਦੀ ਸੁੰਦਰਤਾ ਵਿਚ ਨਿਖ਼ਾਰ ਆ ਜਾਂਦਾ ਹੈ ਅਤੇ ਇਹ ਕਰਨਾ ਵੀ ਆਸਾਨ ਹੈ । ਇਸ ਲਈ ਬੁਰਸ਼ ਵਿਚ ਥੋੜ੍ਹਾ ਜਿਹਾ ਰੰਗ ਲਉ। ਡਿਜ਼ਾਈਨ ਦੀ ਉੱਪਰ ਦੀ ਲਾਈਨ ਉੱਪਰ ਬੁਰਸ਼ ਰਖੋ ਅਤੇ ਬੁਰਸ਼ ਨੂੰ ਇਸ ਤਰ੍ਹਾਂ ਬਿਨਾਂ ਦਬਾਏ ਹੌਲੀ ਜਿਹੇ ਹੇਠਾਂ ਲੈ ਆਉ। ਜੇਕਰ ਅਜਿਹਾ ਕਰਨ ਨਾਲ ਕੋਈ ਮੁਸ਼ਕਲ ਆਉਂਦੀ ਹੋਵੇ ਤਾਂ ਪਹਿਲੇ 2 ਨੰਬਰ ਦੇ ਫਲੈਟ ਬੁਰਸ਼ ਨਾਲ ਸਾਰੀਆਂ ਲਾਈਨਾਂ ਵਿਚ ਰੰਗ ਭਰੋ ਤੇ ਫਿਰ 4 ਨੰਬਰ ਦੇ ਫਲੈਟ ਬੁਰਸ਼ ਨਾਲ ਡਿਜ਼ਾਈਨ ਵਿਚ ਸਟਰੋਕ ਪਾਉ (ਚਿੱਤਰ 1) ।



ਚਿੱਤਰ 1. ਸਟਰੋਕ ਪੇਂਟਿੰਗ

## 2.1.2 (ਅ) ਸ਼ੇਡ ਦੇਣਾ

ਤੁਸੀਂ ਡਿਜ਼ਾਈਨ ਵਿਚ ਸ਼ੇਡ ਵੀ ਦੇ ਸਕਦੇ ਹੋ ਭਾਵ ਹਲਕੇ ਅਤੇ ਗੂੜ੍ਹੇ ਰੰਗ ਦਾ ਮਿਸ਼ਰਣ ਵੀ ਕਰ ਸਕਦੇ ਹੋ। ਇਸ ਲਈ ਚਿੱਟੇ ਰੰਗ ਦੀ ਜ਼ਰੂਰਤ ਪੈਂਦੀ ਹੈ। ਸ਼ੇਡ ਦੇਣ ਲਈ ਡਿਜ਼ਾਈਨ ਦੇ ਸੱਜੇ ਪਾਸੇ ਰੰਗ ਲਗਾਉ ਫਿਰ ਉਹਦੇ ਨਾਲ ਹੀ ਬੁਰਸ਼ ਵਿਚ ਸਫੈਦ ਰੰਗ ਹਲਕਾ ਹਲਕਾ ਲਗਾ ਦਿਉ। ਇਸ ਤੋਂ ਬਾਅਦ ਗੂੜ੍ਹੇ ਰੰਗ ਤੋਂ ਹਲਕੇ ਰੰਗ ਵੱਲ ਬੁਰਸ਼ ਹੌਲੀ ਹੌਲੀ ਚਲਾਉ ਤੇ ਰੰਗਾਂ ਨੂੰ ਚੰਗੀ ਤਰ੍ਹਾਂ ਮਿਲਾ ਦਿਉ। ਅਜਿਹਾ ਕਰਨ ਨਾਲ ਤੁਹਾਡੇ ਡਿਜ਼ਾਈਨ ਉਤੇ ਸ਼ੇਡ ਬਣ ਜਾਵੇਗਾ (ਚਿੱਤਰ 2) ।



ਚਿੱਤਰ 2. ਸ਼ੇਡਿੰਗ

## 2.1.3 ਫੈਬਰਿਕ ਪੇਂਟਿੰਗ ਕਰਨ ਵੇਲੇ ਧਿਆਨ ਰੱਖਣ ਯੋਗ ਗੱਲਾਂ

- ਫੈਬਰਿਕ ਪੇਂਟਿੰਗ ਵਿਚ ਬਣਾਏ ਜਾਣ ਵਾਲੇ ਡਿਜ਼ਾਈਨ ਅਤੇ ਚੀਜ਼ ਅਨੁਸਾਰ ਕੱਪੜਾ ਖ਼ਰੀਦੋ।
- ਕੱਪੜੇ ਤੇ ਪਹਿਲਾਂ ਡਿਜ਼ਾਈਨ ਬਣਾ ਲਵੋ ।
- ਰੰਗ ਕਰਨ ਤੋਂ ਪਹਿਲਾਂ ਕਲਰ-ਸਕੀਮ (ਰੰਗ-ਯੋਜਨਾ ਬਣਾ ਕੇ) ਉਸੇ ਅਨੁਸਾਰ ਰੰਗ ਭਰੋ।
- ਫੈਬਰਿਕ ਪੇਂਟਿੰਗ ਲਈ ਫਲੈਟ ਬੁਰਸ਼ ਦਾ ਪ੍ਰਯੋਗ ਕਰੋ । ਅੱਖਾਂ, ਨੱਕ ਅਤੇ ਵਾਲ ਜਾਂ ਬਰੀਕ ਲਾਈਨਾਂ ਲਈ 0 ਜਾਂ 1 ਨੰਬਰ ਦੇ ਬੁਰਸ਼ ਦਾ ਇਸਤੇਮਾਲ ਕਰੋ।
- ਰੰਗ ਸਾਵਧਾਨੀ ਨਾਲ ਭਰੋ ਅਤੇ ਡਿਜ਼ਾਈਨ ਦੀਆਂ ਲਾਈਨਾਂ ਤੋਂ ਬਾਹਰ ਨਾ ਨਿਕਲਣ ਦਿਉ।
- ਰੰਗਾਂ ਨੂੰ ਵਰਤਣ ਤੋਂ ਬਾਅਦ ਕੱਸ ਕੇ ਬੰਦ ਕਰਕੇ ਰੱਖੋ ।

## 2.1.4 ਫੈਬਰਿਕ ਪੇਂਟਿੰਗ ਦੁਆਰਾ ਬਣੇ ਕੱਪੜੇ ਨੂੰ ਧੋਣ ਦਾ ਤਰੀਕਾ

ਇਸ ਕਲਾ ਦੁਆਰਾ ਬਣੇ ਕੱਪੜਿਆਂ ਨੂੰ ਧੋਣ ਲਈ ਹੇਠ ਲਿਖੀਆਂ ਸਾਵਧਾਨੀਆਂ ਵਰਤੋ;

- ਪੇਂਟਿੰਗ ਕਰਨ ਤੋਂ ਬਾਅਦ ਕੱਪੜੇ ਨੂੰ ਚੰਗੀ ਤਰ੍ਹਾਂ ਸੁੱਕਣ ਦਿਉ ।
- ਪੇਂਟਿੰਗ ਹੋ ਜਾਣ ਦੇ 15 ਦਿਨ ਬਾਅਦ ਕੱਪੜੇ ਨੂੰ ਧੋਵੋ ।
- ਪੇਂਟਿੰਗ ਵਾਲੀ ਜਗ੍ਹਾ ਨੂੰ ਜ਼ੋਰ-ਜ਼ੋਰ ਨਾਲ ਅਤੇ ਬੁਰਸ਼ ਨਾਲ ਨਾ ਰਗੜੋ ।
- ਕੱਪੜੇ ਨੂੰ ਧੁੱਪੇ ਨਾ ਸੁਕਾਉ ।
- ਡਿਜ਼ਾਈਨ ਉੱਤੇ ਗਰਮ ਪਾਣੀ ਨਾ ਪਾਉ ।
- ਪ੍ਰੈਸ ਡਿਜ਼ਾਈਨ ਦੇ ਉਲਟੇ ਪਾਸਿਉਂ ਕਰੋ ।

## 2.2. ਗਲਾਸ ਪੇਂਟਿੰਗ

**ਲੋੜੀਂਦਾ ਸਮਾਨ**


ਸਾਦਾ ਸ਼ੀਸ਼ਾ

ਡਿਜ਼ਾਈਨ

ਗਲਾਸ ਤੇ ਕਰਨ ਵਾਲੇ ਰੰਗ ਅਤੇ ਗਲਾਸ ਲਾਈਨਰ

### 2.2.1 ਵਿਧੀ

- ਸਭ ਤੋਂ ਪਹਿਲਾਂ ਸ਼ੀਸ਼ੇ ਉਤੇ ਬਨਾਉਣ ਲਈ ਡਿਜ਼ਾਈਨ ਦੀ ਚੋਣ ਕਰ ਲਵੋ । ਧਿਆਨ ਰਹੇ ਗਲਾਸ ਪੇਂਟਿੰਗ ਦਾ ਡਿਜ਼ਾਈਨ ਬਹੁਤਾ ਬਾਰੀਕ ਨਾ ਹੋਵੇ, ਕਿਉਂ ਕਿ ਇਸ ਵਿਚ ਰੰਗ ਭਰਨਾ ਔਖਾ ਹੋ ਜਾਂਦਾ ਹੈ ।
- ਫੇਰ ਡਿਜ਼ਾਈਨ ਦੇ ਆਕਾਰ ਅਨੁਸਾਰ ਸ਼ੀਸ਼ਾ ਕੱਟਵਾ ਲਵੋ । ਡਿਜ਼ਾਈਨ ਦੇ ਚਾਰੋਂ ਪਾਸੇ ਫ੍ਰੇਮ ਕਰਵਾਉਣ ਲਈ ਇਕੋ ਜਿਹਾ ਖਾਲੀ ਥਾਂ ਛੱਡੋ ।
- ਡੀਜ਼ਾਈਨ ਵਾਲੇ ਕਾਗਜ਼ ਨੂੰ ਗਲਾਸ ਦੇ ਥੱਲੇ ਰੱਖ ਲਵੋ ।
- ਇਸ ਤੋਂ ਬਾਅਦ ਲਾਈਨਰ ਦੇ ਨਾਲ ਡਿਜ਼ਾਈਨ ਦੀਆਂ ਮੁੱਖ ਲਕੀਰਾਂ ਬਣਾ ਲਵੋ ।
- ਲਾਈਨਰ ਸੁੱਕਣ ਤੋਂ ਬਾਅਦ ਅੰਦਰਲੇ ਹਿੱਸੇ ਵਿਚ ਬੁਰਸ਼ ਨਾਲ ਜਾਂ ਫਿਰ ਸਿੱਧਾ ਰੰਗ ਦੀ ਟਿਊਬ ਨਾਲ ਰੰਗ ਭਰ ਲਵੋ । ਡਿਜ਼ਾਈਨ ਵਿਚ ਸ਼ੇਡਿੰਗ ਕਰਨ ਲਈ ਬੁਰਸ਼ ਨੂੰ ਪਾਣੀ ਨਾਲ ਗਿੱਲਾ ਕਰ ਕੇ ਫੈਬਰਿਕ ਪੇਂਟਿੰਗ ਵਾਂਗ ਸ਼ੇਡਿੰਗ ਕੀਤੀ ਜਾ ਸਕਦੀ ਹੈ ।
- ਪੇਂਟਿੰਗ ਨੂੰ ਤਕਰੀਬਨ 20-25 ਮਿੰਟ ਲਈ ਸੁੱਕਣ ਦਿਉ ਅਤੇ ਫ੍ਰੇਮ ਕਰਵਾ ਲਉ ।(ਚਿੱਤਰ 3)



(ੳ)



(ਅ)

ਚਿੱਤਰ 3. ਗਲਾਸ ਪੇਂਟਿੰਗ

ਅਧਿਆਇ-3

# ਬਾਂਧਨੀ ਜਾਂ ਟਾਈ ਐਂਡ ਡਾਈ ਅਤੇ ਬਾਟਿਕ ਕਲਾ ਤੋਂ ਸਜਾਵਟੀ ਵਸਤਾਂ

## 3.0 ਬਾਂਧਨੀ ਤੋਂ ਭਾਵ ਗੰਢਾਂ ਲਗਾ ਕੇ ਜਾਂ ਬੰਨ ਕੇ ਡਿਜ਼ਾਇਨ ਬਨਾਉਣਾ।

ਇਸ ਕਲਾ ਦੁਆਰਾ ਕੱਪੜੇ ਵਿਚ ਗੰਢਾਂ ਬੰਨ ਕੇ ਡਿਜ਼ਾਇਨ ਤਿਆਰ ਕੀਤਾ ਜਾ ਸਕਦਾ ਹੈ, ਇਸ ਲਈ ਸਾਨੂੰ ਕਿਸੇ ਤਰ੍ਹਾਂ ਦੇ ਔਜ਼ਾਰ ਦੀ ਲੋੜ ਨਹੀਂ ਪੈਂਦੀ। ਕੱਪੜਾ ਹੱਥ ਨਾਲ ਗੰਢਾਂ ਮਾਰ ਕੇ ਜਾਂ ਧਾਗੇ ਨਾਲ ਬੰਨ੍ਹ ਕੇ ਰੰਗਿਆ ਜਾਂਦਾ ਹੈ। ਰੰਗਣ ਤੋਂ ਬਾਅਦ ਕੱਪੜੇ ਨੂੰ ਸੁਕਾ ਕੇ ਗੰਢਾਂ ਖੋਲ੍ਹਣ ਉਪਰੰਤ ਆਕਰਸ਼ਕ ਅਤੇ ਮਨਮੋਹਕ ਡਿਜ਼ਾਇਨ ਤਿਆਰ ਹੋ ਜਾਂਦਾ ਹੈ। ਇਸ ਕਲਾ ਦੁਆਰਾ ਬਹੁਤ ਹੀ ਘੱਟ ਸਮੇਂ ਅਤੇ ਘੱਟ ਖ਼ਰਚੇ ਨਾਲ ਡਿਜ਼ਾਇਨ ਬਣਾਏ ਜਾ ਸਕਦੇ ਹਨ। ਇਸ ਦੁਆਰਾ ਸਾੜੀ, ਰੁਮਾਲ, ਸਕਾਰਫ਼, ਚਾਦਰਾਂ, ਸੂਟ, ਕੁਸ਼ਨ ਅਤੇ ਪਰਦੇ ਆਦਿ ਬਣਾਏ ਜਾ ਸਕਦੇ ਹਨ।

## 3.1 ਬਾਂਧਨੀ ਕਲਾ ਰਾਹੀਂ ਡਿਜ਼ਾਇਨ ਤਿਆਰ ਕਰਨਾ

### 3.1.1 ਲੋੜੀਂਦੀ ਸਮੱਗਰੀ

- ਕੱਪੜਾ, ਪੱਕਾ ਧਾਗਾ, ਕੈਂਚੀ, ਤੇਜ਼ ਚਾਕੂ, ਸੂਈ, ਰਬੜ ਬੈਂਡ, ਬੰਨ੍ਹਣ ਲਈ ਦਾਲਾਂ, ਛੋਲੇ, ਰਾਜਮਾਂਹ ਆਦਿ ।
- 2-3 ਛੋਟੇ ਮੱਗ, ਬਾਲਟੀ
- ਦਸਤਾਨੇ
- ਪਤੀਲਾ
- ਸਟੋਵ ਜਾਂ ਹੀਟਰ

### 3.1.2 ਕੱਪੜੇ ਦੀ ਚੋਣ

ਬਾਂਧਨੀ ਲਈ ਹਲਕੇ ਜਾਂ ਸਫ਼ੈਦ ਰੰਗ ਦਾ ਸੂਤੀ, ਮਲਮਲ, ਕੈਮਰਿਕ, ਪਾਪਲੀਨ, ਲਿਨਨ ਜਾਂ ਰੇਸ਼ਮੀ ਕੱਪੜਾ ਲਿਆ ਜਾ ਸਕਦਾ ਹੈ ਪਰ ਨਾਈਲੋਨ ਦਾ ਕੱਪੜਾ ਅਤੇ ਜ਼ਿਆਦਾ ਮੋਟਾ ਕੱਪੜਾ ਬਾਂਧਨੀ ਦੇ ਡਿਜ਼ਾਇਨਾਂ ਲਈ ਠੀਕ ਨਹੀਂ ਰਹਿੰਦਾ ।

ਕੱਪੜੇ ਤੇ ਡਿਜ਼ਾਇਨ ਬਨਾਉਣ ਤੋਂ ਪਹਿਲਾਂ ਕੱਪੜੇ ਨੂੰ ਧੋ ਕੇ ਪ੍ਰੈਸ ਕਰ ਲਵੋ। ਅਜਿਹਾ ਕਰਨ ਨਾਲ ਸਟਾਰਚ ਨਿਕਲ ਜਾਂਦਾ ਹੈ ਅਤੇ ਚਮਕਦਾਰ ਰੰਗ ਚੜ੍ਹਦਾ ਹੈ।

### 3.1.3 ਕੱਪੜੇ ਨੂੰ ਬੰਨ੍ਹਣ ਦੀ ਵਿਧੀ

ਵੱਖ-ਵੱਖ ਡਿਜ਼ਾਈਨ ਬਨਾਉਣ ਲਈ ਕੱਪੜੇ ਨੂੰ ਬੰਨ੍ਹਣ ਦੇ ਤਰੀਕੇ ਹੇਠ ਲਿਖੇ ਹਨ :

### 3.1.3. (ੳ) ਗੰਢਾਂ ਲਗਾ ਕੇ

ਇਸ ਵਿਧੀ ਵਿਚ ਕੱਪੜੇ ਨੂੰ ਧਾਗੇ ਨਾਲ ਬੰਨ੍ਹਣ ਦੀ ਲੋੜ ਨਹੀਂ ਪੈਂਦੀ। ਸਿਰਫ਼ ਕੱਪੜੇ ਉਪਰ ਹੱਥ ਦੁਆਰਾ ਗੰਢ ਲਗਾਉਣੀ ਪੈਂਦੀ ਹੈ। ਮੋਟੇ ਕੱਪੜੇ ਉਪਰ ਵੀ ਗੰਢਾਂ ਲਗਾਈਆਂ ਜਾ ਸਕਦੀਆਂ ਹਨ। ਰੁਮਾਲ ਤੋਂ ਲੈ ਕੇ ਪਰਦੇ ਅਤੇ ਚਾਦਰਾਂ ਤਕ ਇਸ ਡਿਜ਼ਾਇਨ ਦੁਆਰਾ ਬਣਾਏ ਜਾ ਸਕਦੇ ਹਨ। ਕੱਪੜੇ ਵਿਚ ਗੰਢਾਂ ਹੇਠ ਲਿਖੇ ਢੰਗਾਂ ਨਾਲ ਲਗਾਈਆਂ ਜਾ ਸਕਦੀਆਂ ਹਨ;

- ਕੱਪੜੇ ਨੂੰ ਕੋਨਿਆਂ ਤੋਂ ਇਕੱਠਾ ਕਰ ਕੇ ਵਿਚਕਾਰ ਗੰਢ ਲਗਾ ਸਕਦੇ ਹੋ ।
- ਇਸੇ ਤਰ੍ਹਾਂ ਕੱਪੜੇ ਵਿਚ ਇਕ ਤੋਂ ਜ਼ਿਆਦਾ ਗੰਢਾਂ ਵੀ ਲਗਾਈਆਂ ਜਾ ਸਕਦੀਆਂ ਹਨ।
- ਇਕ ਵਿਚਕਾਰ ਅਤੇ ਚਾਰੇ ਕੋਨਿਆਂ ਵਿਚ ਵੀ ਗੰਢਾਂ ਲਗਾਈਆਂ ਜਾ ਸਕਦੀਆਂ ਹਨ ।
- ਇਸੇ ਤਰ੍ਹਾਂ ਚੌਰਸ ਕੱਪੜੇ ਉਤੇ ਇਕੋ ਜਿਹੀ ਦੂਰੀ ਤੇ ਨਿਸ਼ਾਨ ਲਗਾ ਕੇ ਸਿੱਧੀਆਂ ਜਾਂ ਆਡੇ ਰੁੱਖ ਗੰਢਾਂ ਲਗਾਈਆਂ ਜਾ ਸਕਦੀਆਂ ਹਨ (ਚਿੱਤਰ 4।



ਚਿੱਤਰ 4


### 3.1.3 (ਅ) ਧਾਗੇ ਨਾਲ ਬੰਨ੍ਹ ਕੇ ਡਿਜ਼ਾਇਨ ਬਨਾਉਣਾ

ਕੱਪੜੇ ਉਪਰ ਗੋਲਾਕਾਰ ਡਿਜ਼ਾਇਨ ਬਨਾਉਣ ਲਈ ਕੱਪੜੇ ਨੂੰ ਵਿਚਕਾਰੋਂ ਫੜ ਲਉ। ਫੇਰ ਕੱਪੜੇ ਨੂੰ ਉਪਰ ਤੋਂ ਥੱਲੇ ਤੱਕ ਥੋੜ੍ਹੀ-ਥੋੜ੍ਹੀ ਦੂਰੀ ਤੇ ਧਾਗੇ ਨਾਲ ਬੰਨ੍ਹਦੇ ਜਾਉ। ਜਿਸ ਸਥਾਨ ਤੇ ਧਾਗਾ ਬੰਨਿਆ ਹੋਏਗਾ ਉਹ ਸਫ਼ੈਦ ਰਹੇਗਾ ਅਤੇ ਡਿਜ਼ਾਇਨ ਵਿਚ ਸਫ਼ੈਦ ਰੰਗ ਦੀ ਝਲਕ ਦਿਖਾਈ ਦੇਵੇਗੀ (ਚਿੱਤਰ 5)



ਚਿੱਤਰ 5


3.1.3. (ੲ) ਕੱਪੜੇ ਨੂੰ ਇੱਕਠਾ ਕਰ ਕੇ ਗੇਂਦ ਵਰਗਾ ਆਕਾਰ ਦਿਉ ਤੇ ਫੇਰ ਏਸ ਗੇਂਦ ਨੂੰ ਚਾਰੋਂ ਤਰਫ ਕੱਸ ਕੇ ਧਾਗੇ ਨਾਲ ਬੰਨ੍ਹ ਦਿਉ। ਫੇਰ ਇਸ ਨੂੰ ਹਲਕੇ ਰੰਗ ਵਿਚ ਰੰਗੋ। ਸੁੱਕਣ ਤੋਂ ਬਾਅਦ ਕੱਪੜੇ ਨੂੰ ਖੋਲ੍ਹ ਦਿਉ। ਫੇਰ ਕੱਪੜੇ ਨੂੰ ਦੁਬਾਰਾ ਗੇਂਦ ਦਾ ਆਕਾਰ ਦੇ ਕੇ ਪਹਿਲੇ ਦੀ ਤਰ੍ਹਾਂ ਬੰਨ੍ਹ ਲਉ ਤੇ ਦੂਸਰੇ ਰੰਗ ਵਿਚ ਰੰਗ ਦਿਉ।। ਇਸ ਤਰ੍ਹਾਂ ਦੋ ਤਿੰਨ ਰੰਗਾਂ ਵਾਲਾ ਸੁਹਣਾ ਡਿਜ਼ਾਇਨ ਬਣ ਜਾਂਦਾ ਹੈ। ਧਿਆਨ ਰਹੇ ਕਿ ਦੋ ਤਿੰਨ ਰੰਗ ਕਰਨ ਲਈ ਪਹਿਲਾ ਹਲਕਾ ਤੇ ਫੇਰ ਗਾੜ੍ਹਾ ਰੰਗ ਕਰੋ । (ਚਿੱਤਰ 6)



ਚਿੱਤਰ 6.

## 3.1.3. (ਸ) ਚੌਰਸ ਡਿਜ਼ਾਇਨ ਬਨਾਉਣਾ

ਇਕ ਚੌਰਸ ਕੱਪੜਾ ਲਵੋ ਉਸਨੂੰ ਵਿਚਕਾਰੋਂ ਮੋੜ ਲਵੋ। ਮੋੜਨ ਤੋਂ ਬਾਅਦ ਕੱਪੜੇ ਨੂੰ ਤਿਕੋਣ ਦੀ ਤਰ੍ਹਾਂ ਇੱਕਠਾ ਕਰ ਲਵੋ । ਧਾਗੇ ਨਾਲ ਪਹਿਲਾਂ ਉੱਪਰ ਦਾ ਹਿੱਸਾ ਬੰਨ੍ਹੋ ਤੇ ਕਪੜੇ ਨੂੰ ਰੰਗ ਦਿਉ। ਕੱਪੜੇ ਨੂੰ ਰੰਗਣ ਤੇ ਸੁਕਾਉਣ ਤੋਂ ਬਾਅਦ ਹੇਠਲੇ ਹਿੱਸੇ ਬੰਨ੍ਹ ਦਿਉ। ਫਿਰ ਕੱਪੜੇ ਨੂੰ ਦੂਜੇ ਰੰਗ ਵਿਚ ਰੰਗ ਲਉ। ਇਹ ਡਿਜ਼ਾਇਨ ਮੇਜ਼ਪੋਸ਼ ਅਤੇ ਰੁਮਾਲ ਉਤੇ ਬਹੁਤ ਸੂਹਣਾ ਲੱਗਦਾ ਹੈ । (ਚਿਤਰ 7)




ਚਿੱਤਰ 7.

## 2.1.3. (ਹ) ਕੱਪੜਾ ਮੋੜ ਕੇ ਡਿਜ਼ਾਇਨ ਬਨਾਉਣਾ

ਕੱਪੜੇ ਨੂੰ ਮੋੜ ਕੇ ਕਈ ਡਿਜ਼ਾਇਨ ਬਣਾਏ ਜਾ ਸਕਦੇ ਹਨ। ਇਸ ਕ੍ਰਿਆ ਦੁਆਰਾ ਚੌਰਸ, ਲਹਿਰੀਆ, ਧਾਰੀਦਾਰ ਆਦਿ ਅਨੇਕਾਂ ਡਿਜ਼ਾਇਨ ਬਣਾਏ ਜਾ ਸਕਦੇ ਹਨ। ਚੌਰਸ ਅਤੇ ਧਾਰੀਦਾਰ ਡਿਜ਼ਾਇਨ ਬਨਾਉਣ ਲਈ ਕੱਪੜੇ ਵਿਚ(ਪੇਟੀਕੋਟ

ਵਿਚ ਪਾਈਆਂ ਜਾਣ ਵਾਲੀਆਂ ਪਲੇਟਾਂ ਵਰਗੀਆਂ) ਸਿੱਧੀਆਂ ਪਲੇਟਾਂ ਪਾ ਲਵੋ ਤੇ ਫੇਰ ਥੋੜ੍ਹੀ-ਥੋੜ੍ਹੀ ਦੂਰੀ ਤੇ ਧਾਗੇ ਨਾਲ ਕੱਸ ਕੇ ਬੰਨ ਦਿਉ ।


ਇਸੇ ਤਰ੍ਹਾਂ ਲਹਿਰੀਆ ਪਾਉਣ ਲਈ ਆਡੇ ਰੁੱਖ ਪਲੇਟਾਂ ਪਾਉ ਅਤੇ ਧਾਗੇ ਨਾਲ ਬੰਨ੍ਹ ਦਿਉ । (ਚਿੱਤਰ 8)



ਚਿੱਤਰ 8.

## 3.1.3 (ਕ) ਚੀਜ਼ਾਂ ਬੰਨ੍ਹ ਕੇ ਡਿਜ਼ਾਈਨ ਬਨਾਉਣਾ

ਦਾਲ, ਛੋਲਿਆਂ ਦੇ ਦਾਣੇ ਅਤੇ ਸਿੱਕੇ ਆਦਿ ਬੰਨ੍ਹ ਕੇ ਵੀ ਖੂਬਸੂਰਤ ਡਿਜ਼ਾਈਨ ਬਣਾਏ ਜਾ ਸਕਦੇ ਹਨ। ਅਜਿਹਾ ਕਰਨ ਲਈ ਪਹਿਲਾਂ ਕੱਪੜੇ ਉੱਪਰ ਪੈਨਸਿਲ ਨਾਲ ਡਿਜ਼ਾਈਨ ਬਣਾ ਲਉ। ਫਿਰ ਉਸ ਡਿਜ਼ਾਈਨ ਉੱਤੇ ਥੋੜ੍ਹੀ ਥੋੜ੍ਹੀ ਦੂਰੀ ਉਤੇ ਦਾਲ ਆਦਿ ਕੱਸ ਕੇ ਧਾਗੇ ਨਾਲ ਬੰਨ੍ਹ ਲਵੋ ਅਤੇ ਰੰਗ ਲਵੋ । (ਚਿੱਤਰ 9)




ਚਿੱਤਰ 9.

## 3.1.3. (ਖ) ਸੂਈ ਧਾਗੇ ਨਾਲ ਡਿਜ਼ਾਈਨ ਬਨਾਉਣਾ

ਸੂਈ ਧਾਗੇ ਨਾਲ ਡਿਜ਼ਾਈਨ ਬਨਾਉਣ ਲਈ ਕੱਪੜੇ ਤੇ ਪੈਨਸਿਲ ਨਾਲ ਕੋਈ ਡਿਜ਼ਾਈਨ ਬਣਾ ਲਵੋ। ਡਿਜ਼ਾਈਨ ਵਿਚ ਪਸੂ ਪੰਛੀਆਂ ਦੇ ਚਿੱਤਰ, ਫੁੱਲ ਪੱਤੀਆਂ ਜਾਂ ਕੋਈ ਵੀ ਆਪਣੀ ਮਨਪਸੰਦ ਦਾ ਡਿਜ਼ਾਈਨ ਬਣਾ ਸਕਦੇ ਹੋ। ਹੁਣ ਡਿਜ਼ਾਈਨ ਦੀਆਂ ਲਾਈਨਾਂ ਤੇ ਸੂਈ ਧਾਗੇ ਨਾਲ ਕੱਚਾ ਕਰ ਲਵੋ। ਫਿਰ ਕੱਚੇ ਵਾਲਾ ਧਾਗਾ ਖਿੱਚ

ਕੇ ਚੰਗੀ ਤਰ੍ਹਾਂ ਬੰਨ੍ਹ ਦਿਉ ਪਰ ਧਿਆਨ ਰਹੇ ਕਿ ਧਾਗਾ ਪੱਕਾ ਹੋਵੇ ਅਜਿਹਾ ਨਾ ਹੋਵੇ ਕਿ ਕੱਪੜੇ ਨੂੰ ਰੰਗ ਦੇ ਵੇਲੇ ਧਾਗਾ ਟੁੱਟ ਜਾਵੇ ਅਤੇ ਡਿਜ਼ਾਈਨ ਖ਼ਰਾਬ ਹੋ ਜਾਵੇ। (ਚਿਤਰ 10)



ਚਿੱਤਰ 10.

### 3.1.4 ਰੰਗ ਬਨਾਉਣ ਲਈ ਲੋੜੀਂਦਾ ਸਮਾਨ

ਇਕ ਮੀਟਰ ਕੱਪੜਾ ਰੰਗਣ ਲਈ ਹੇਠ ਲਿਖੀਆਂ ਚੀਜ਼ਾਂ ਲੋੜੀਂਦੀਆਂ ਹਨ ;

| | |
|---|---|
| ਰੰਗ | 20 ਗ੍ਰਾਮ |
| ਸਧਾਰਨ ਨਮਕ | 15 ਗ੍ਰਾਮ |
| ਕੱਪੜੇ ਧੋਣ ਵਾਲਾ ਸੋਡਾ | 15 ਗ੍ਰਾਮ |

### 3.1.5. ਰੰਗ ਬਨਾਉਣ ਦੀ ਵਿਧੀ

ਇਕ ਪਤੀਲੇ ਵਿਚ ਪਾਣੀ ਗਰਮ ਕਰ ਲਵੋ। ਉਸ ਵਿਚ ਰੰਗ, ਨਮਕ ਅਤੇ ਸੋਡਾ ਮਿਲਾ ਦਿਉ। ਜਦੋਂ ਪਾਣੀ ਗਰਮ ਹੋ ਜਾਵੇ ਤਾਂ ਉਸ ਵਿਚ ਬੰਨੇ ਹੋਏ ਕੱਪੜੇ ਨੂੰ ਸਾਦੇ ਪਾਣੀ ਵਿਚ ਗਿੱਲਾ ਕਰ ਕੇ ਪਾ ਦਿਉ ਅਤੇ ਤਕਰੀਬਨ 20-25 ਮਿੰਟ ਰੰਗ ਬਣੇ ਪਾਣੀ ਵਿਚ ਉੱਬਲਣ ਦਿਉ। ਇਸ ਤੋਂ ਬਾਅਦ ਉਸ ਨੂੰ ਕੱਢ ਕੇ ਛਾਂ ਵਿਚ ਸੁਕਾ ਲਵੋ ਤੇ ਸੁੱਕਣ ਤੋਂ ਬਾਅਦ ਧਾਗੇ ਖੋਲ੍ਹ ਦਿਉ। ਸੁੰਦਰ ਡਿਜ਼ਾਇਨ ਤਿਆਰ ਹੈ। ਬਾਂਧਨੀ ਕਲਾ ਦੁਆਰਾ ਘਰ ਵਿਚ ਤਿਆਰ ਕੀਤਾ ਸਮਾਨ ਬਾਜ਼ਾਰ ਨਾਲੋਂ ਅੱਧੇ ਮੁੱਲ ਤੇ ਪੈਂਦਾ ਹੈ।

## 3.2 ਬਾਟਿਕ ਕਲਾ

3.2.0. ਬਾਟਿਕ ਕਲਾ ਇਕ ਪ੍ਰਾਚੀਨ ਕਲਾ ਹੈ। ਇਸ ਕਲਾ ਦੁਆਰਾ ਕੱਪੜਿਆਂ ਉੱਤੇ ਕਈ ਪ੍ਰਕਾਰ ਦੇ ਡਿਜ਼ਾਈਨ ਬਣਾਏ ਜਾਂਦੇ ਹਨ। ਅੱਜ-ਕੱਲ੍ਹ ਘਰ ਦੀ ਸਜਾਵਟ ਦੇ ਸਾਜ਼ ਸਮਾਨ ਤੋਂ ਲੈ ਕੇ ਪਹਿਰਾਵੇ ਵਾਲੇ ਕੱਪੜਿਆਂ ਉੱਪਰ ਵੀ ਬਾਟਿਕ ਕਲਾ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਥੋੜ੍ਹੇ ਜਿਹੇ ਸਮੇਂ ਅਤੇ ਮਿਹਨਤ ਨਾਲ ਟੀ ਵੀ, ਰੇਡੀਉ ਕਵਰ, ਕੁਸ਼ਨ, ਥੈਲੇ, ਤਸਵੀਰਾਂ, ਟਾਈਆਂ, ਸਾੜੀ, ਬਲਾਊਜ਼ ਅਤੇ

ਸੂਟ ਆਦਿ ਉਤੇ ਕਈ ਤਰ੍ਹਾਂ ਦੇ ਰੰਗ ਬਿਰੰਗੇ ਡਿਜ਼ਾਇਨ ਬਣਾਏ ਜਾ ਸਕਦੇ ਹਨ। ਸੁਆਣੀਆਂ ਇਸ ਕਲਾ ਦੁਆਰਾ ਅਜੋਕੇ ਫੈਸ਼ਨ ਅਨੁਸਾਰ ਆਪਣਾ ਘਰ ਸਜਾਉਣ ਦੇ ਨਾਲ-ਨਾਲ ਆਪਣੇ ਘਰ ਦੀ ਆਰਥਿਕ ਹਾਲਤ ਨੂੰ ਵੀ ਸੁਧਾਰ ਸਕਦੀਆਂ ਹਨ। ਇਸ ਕਲਾ ਵਿਚ ਮੋਮ ਅਤੇ ਰੰਗਾਂ ਦੁਆਰਾ ਵੱਖ-ਵੱਖ ਡਿਜ਼ਾਇਨ ਬਣਾਏ ਜਾਂਦੇ ਹਨ।

## 3.2.1 ਲੋੜੀਂਦੀ ਸਮੱਗਰੀ

### 3.2.1. (ੳ) ਮੋਮ ਲਗਾਉਣ ਲਈ

ਮੋਮ ਪਿਘਲਾਉਣ ਲਈ ਸਟੋਵ ਜਾਂ ਗੈਸ, ਪਤੀਲੀ, ਮੇਜ਼ ਜਾਂ ਡਰਾਇੰਗ ਬੋਰਡ, ਮੋਮ, ਬਰੋਜ਼ਾ, ਬੁਰਸ਼ ਅਤੇ ਪੁਰਾਣੀਆਂ ਅਖ਼ਬਾਰਾਂ ।

### 3.2.1 (ਅ) ਰੰਗਾਈ ਲਈ


ਰੰਗ ਘੋਲਣ ਲਈ ਪਲਾਸਟਿਕ ਜਾਂ ਐਲੂਮੀਨੀਅਮ ਦੀਆਂ ਛੋਟੀਆਂ ਕਟੋਰੀਆਂ ਜਾਂ ਮੱਗ, ਚਿਲਮਚੀਆਂ ਜਾਂ ਬਾਲਟੀਆਂ, ਰੰਗ, ਨਮਕ, ਕਾਸਟਿਕ ਸੋਡਾ ।

## 3.2.2. ਕੱਪੜਾ

ਬਾਟਿਕ ਬਨਾਉਣ ਲਈ ਸੂਤੀ, ਲਿਨਨ, ਵਾਇਲ ਅਤੇ ਸਿਲਕ ਦਾ ਕੱਪੜਾ ਪ੍ਰਯੋਗ ਕੀਤਾ ਜਾ ਸਕਦਾ ਹੈ, ਪ੍ਰੰਤੂ ਨਾਈਲੋਨ ਦਾ ਕੱਪੜਾ ਬਾਟਿਕ ਕਲਾ ਲਈ ਠੀਕ ਨਹੀਂ, ਕਿਉਂਕਿ ਗਰਮ ਮੋਮ ਲਗਾਉਣ ਨਾਲ ਇਹ ਕੱਪੜਾ ਜਲ ਜਾਂਦਾ ਹੈ। ਕੱਪੜਾ ਹਲਕੇ ਰੰਗ ਜਿਵੇਂ ਕਿ ਕਰੀਮ, ਹਲਕਾ ਪੀਲਾ ਅਤੇ ਹਲਕਾ ਗੁਲਾਬੀ ਹੋਣਾ ਚਾਹੀਦਾ ਹੈ ।

## 3.2.3 ਬਾਟਿਕ ਕਲਾ ਦੀ ਵਿਧੀ


ਪਹਿਲਾਂ ਕੱਪੜੇ ਨੂੰ ਚੰਗੀ ਤਰ੍ਹਾਂ ਸਾਬਨ ਨਾਲ ਧੋ ਕੇ ਕੱਪੜੇ ਦੀ ਸਟਾਰਚ ਉਤਾਰ ਲਵੋ। ਇਸ ਨੂੰ ਸੁਕਾ ਕੇ ਪ੍ਰੈਸ ਕਰ ਲਉ। ਹੁਣ ਕੱਪੜੇ ਉਤੇ ਡਿਜ਼ਾਇਨ ਬਣਾ ਲਵੋ। ਡਿਜ਼ਾਇਨ ਜ਼ਿਆਦਾ ਬਰੀਕ ਨਹੀਂ ਹੋਣਾ ਚਾਹੀਦਾ, ਕਿਉਂਕਿ ਬਰੀਕ ਲਕੀਰਾਂ ਵਿਚ ਮੋਮ ਲਗਾਉਣ ਵਿਚ ਮੁਸ਼ਕਿਲ ਆਉਂਦੀ ਹੈ । (ਚਿੱਤਰ 11)



ਚਿੱਤਰ 11

### 3.2.4 ਮੋਮ ਲਗਾਉਣਾ

ਡਿਜ਼ਾਈਨ ਬਨਾਉਣ ਤੋਂ ਬਾਅਦ, ਜੋ ਜਗ੍ਹਾ ਚਿੱਟੀ ਛੱਡਣੀ ਹੋਵੇ ਉਸ ਉਪਰ ਮੋਮ ਲਗਾਈ ਜਾਂਦੀ ਹੈ ਤਾਂ ਕਿ ਉਸ ਜਗ੍ਹਾ ਉੱਪਰ ਰੰਗ ਨਾ ਆਵੇ । (ਚਿੱਤਰ 12)



ਚਿੱਤਰ 12

### 3.2.5 ਮੋਮ ਬਨਾਉਣ ਅਤੇ ਲਗਾਉਣ ਦਾ ਤਰੀਕਾ

| | |
|---|---|
| ਪੈਰਾਫਿਨ ਮੋਮ ਜਾਂ ਚਿੱਟੀ ਮੋਮ | 500 ਗ੍ਰਾਮ |
| ਬੀਜ ਜਾਂ ਕਾਲੀ ਮੋਮ | 250 ਗ੍ਰਾਮ |
| ਬਰੋਜ਼ਾ | 100 ਗ੍ਰਾਮ |

ਮੋਮ ਪਿਘਲਾਉਣ ਲਈ ਪਤੀਲੀ ਵਿਚ ਦੋਹਾਂ ਤਰ੍ਹਾਂ ਦੀ ਮੋਮ ਪਾ ਕੇ ਸਟੋਵ ਜਾਂ ਗੈਸ ਉਤੇ ਰੱਖੋ। ਜਦੋਂ ਮੋਮ ਪਿਘਲ ਕੇ ਪਾਣੀ ਦੀ ਤਰ੍ਹਾਂ ਹੋ ਜਾਵੇ ਤਾਂ ਉਸ ਵਿਚ ਬਰੋਜ਼ਾ ਪਾ ਦਿਉ। ਮੋਮ ਨੂੰ ਕਿਸੇ ਡੰਡੀ ਨਾਲ ਹਿਲਾਉਂਦੇ ਰਹੋ ਅਤੇ 1/2 ਘੰਟਾ ਪੱਕਣ ਦਿਉ। ਧਿਆਨ ਰਹੇ ਕਿ ਮੋਮ ਬਣਾਉਂਦੇ ਸਮੇਂ ਸੇਕ ਜ਼ਿਆਦਾ ਤੇਜ਼ ਨਾ ਹੋਵੇ। ਜਦੋਂ ਮੋਮ ਵਿਚੋਂ ਜ਼ਿਆਦਾ ਧੂੰਆਂ ਨਿਕਲਣਾ ਸ਼ੁਰੂ ਹੋ ਜਾਵੇ ਤਾਂ ਸੇਕ ਘਟਾ ਦਿਉ ਜਾਂ ਪਤੀਲੀ ਨੂੰ ਗੈਸ ਤੋਂ ਉਤਾਰ ਦਿਉ। ਇਸ ਤੋਂ ਇਲਾਵਾ ਮੋਮ ਗਰਮ ਕਰਦੇ ਸਮੇਂ ਆਪ ਕੋਲ ਹੀ ਬੈਠੋ, ਕਿਉਂਕਿ ਜ਼ਿਆਦਾ ਗਰਮ ਹੋ ਕੇ ਮੋਮ ਦੁਆਰਾ ਅੱਗ ਲੱਗਣ ਦਾ ਖਤਰਾ ਰਹਿੰਦਾ ਹੈ। ਮੋਮ ਚੰਗੀ ਤਰ੍ਹਾਂ ਪਕਾਉਣ ਤੋਂ ਬਾਅਦ ਬੁਰਸ਼ ਨਾਲ ਡਿਜ਼ਾਈਨ ਉੱਤੇ ਦੋਵੇਂ ਪਾਸੇ ਲਗਾਉ। ਸਿੱਧੇ ਪਾਸੇ ਮੋਮ ਲਗਾਉਣ ਤੋਂ ਬਾਅਦ ਕੱਪੜੇ ਨੂੰ ਉਲਟਾ ਕੇ ਪੁੱਠੇ ਪਾਸੇ, ਜਿਥੇ ਜਿਥੇ ਮੋਮ ਨਜ਼ਰ ਆ ਰਹੀ ਹੋਵੇ ਉੱਥੇ ਵੀ ਮੋਮ ਲਗਾਉ। ਮੋਮ ਲਗਾਉਣ ਤੋਂ ਪਹਿਲਾਂ ਦੇਖੋ ਕਿ ਮੋਮ ਨਾ ਜ਼ਿਆਦਾ ਗਰਮ ਹੋਵੇ ਨਾ ਜ਼ਿਆਦਾ ਠੰਡਾ ਹੋਵੇ। ਮੋਮ ਲਗਾਉਣ ਤੋ ਬਾਅਦ ਕੱਪੜੇ ਨੂੰ ਨਾ ਤਾਂ ਜ਼ਿਆਦਾ ਮੋੜੋ ਅਤੇ ਨਾ ਹੀ ਧੁੱਪੇ ਅਤੇ ਗਰਮ ਜਗ੍ਹਾ ਤੇ ਰੱਖੋ ।

### 3.2.6. ਰੰਗ ਕਰਨਾ

ਬਾਟਿਕ ਦੇ ਰੰਗ ਦੋ ਕਿਸਮਾਂ ਦੇ ਰੰਗਾਂ ਨੂੰ ਮਿਲਾ ਕੇ ਬਣਦੇ ਹਨ;

ਬੇਸ ਰੰਗ ਅਤੇ ਨਮਕ ਰੰਗ

ਇਸ ਤੋਂ ਇਲਾਵਾ ਬਾਟਿਕ ਰੰਗ ਲਈ ਕਾਸਟਿਕ ਸੋਡਾ ਅਤੇ ਸਧਾਰਨ ਨਮਕ ਦੀ ਵੀ **ਲੋੜ** ਪੈਂਦੀ ਹੈ। ਇਕ ਮੀਟਰ ਕੱਪੜੇ ਨੂੰ ਰੰਗਣ ਲਈ ਲੋੜੀਂਦੀ ਰੰਗ ਸਮੱਗਰੀ ਇਸ ਤਰ੍ਹਾਂ ਹੈ;

| | |
|---|---|
| ਬੇਸ ਰੰਗ | 5 ਗ੍ਰਾਮ |
| ਸਾਲਟ ਰੰਗ | 10 ਗ੍ਰਾਮ |
| ਕਾਸਟਿਕ ਸੋਡਾ | 1 ਚਮਚ |
| ਸਧਾਰਨ ਨਮਕ | 10 ਗ੍ਰਾਮ |

### 3.2.7. ਰੰਗ ਬਨਾਉਣ ਦੀ ਵਿਧੀ


ਬਾਟਿਕ ਰੰਗ ਹਮੇਸ਼ਾਂ ਠੰਡੇ ਪਾਣੀ ਵਿਚ ਹੀ ਕੀਤੇ ਜਾਂਦੇ ਹਨ। ਰੰਗ ਕਰਨ ਲਈ ਪਹਿਲਾਂ ਦੋ ਟੱਬ ਜਾਂ ਬਾਲਟੀਆਂ ਵਿਚ ਅੰਦਾਜ਼ੇ ਨਾਲ ਉਨਾਂ ਪਾਣੀ ਪਾਉ, ਜਿਸ ਵਿਚ ਕੱਪੜਾ ਚੰਗੀ ਤਰ੍ਹਾਂ ਡੁੱਬ ਸਕੇ। ਬੇਸ ਰੰਗ ਅਤੇ ਸਾਲਟ ਰੰਗ ਨੂੰ ਵੱਖਰਾ ਘੋਲੋ। ਇਕ ਛੋਟੇ ਮੱਗ ਵਿਚ ਥੋੜ੍ਹਾ ਪਾਣੀ ਅਤੇ ਬੇਸ ਰੰਗ ਪਾ ਕੇ ਪੇਸਟ ਬਣਾ ਲਵੋ। ਫਿਰ ਉਸ ਵਿਚ ਅੱਧਾ ਕੱਪ ਗਰਮ ਪਾਣੀ ਪਾ ਕੇ ਇਕ ਚਮਚ ਕਾਸਟਕ ਸੋਡਾ ਪਾ ਦਿਉ। ਇਸ ਘੁਲੇ ਹੋਏ ਰੰਗ ਨੂੰ ਟੱਬ ਵਿਚਲੇ ਪਾਣੀ ਵਿਚ ਘੋਲ ਦਿਉ। ਹੁਣ ਦੂਸਰੇ ਮੱਗ ਵਿਚ 10 ਗ੍ਰਾਮ ਸਾਲਟ ਰੰਗ ਅਤੇ ਸਧਾਰਨ ਨਮਕ ਪਾ ਕੇ ਪੇਸਟ ਬਣਾ ਲਵੋ। ਇਸ ਪੇਸਟ ਨੂੰ ਦੂਸਰੇ ਟੱਬ ਵਿਚ ਘੋਲ ਲਵੋ। ਇਸ ਤਰ੍ਹਾਂ ਬੇਸ ਰੰਗ ਅਤੇ ਸਾਲਟ ਰੰਗ ਦੇ ਘੋਲ ਤਿਆਰ ਕਰਨ ਤੋਂ ਬਾਅਦ ਮੋਮ ਲੱਗੇ ਕੱਪੜੇ ਨੂੰ ਸਧਾਰਨ ਪਾਣੀ ਵਿਚ ਡੁਬੋ ਕੇ ਗਿੱਲਾ ਕਰ ਲਵੋ। ਪਹਿਲਾਂ ਗਿੱਲਾ ਕਰਨ ਨਾਲ ਕੱਪੜੇ ਉਤੇ ਰੰਗ ਇਕਸਾਰ ਚੜ੍ਹਦਾ ਹੈ ਅਤੇ ਧੱਬੇ ਨਹੀਂ ਪੈਂਦੇ। ਪੂਰੀ ਤਰ੍ਹਾਂ ਕੱਪੜਾ ਭਿਉਂਣ ਤੋਂ ਬਾਅਦ ਅਸਲ ਰੰਗ ਦਿਖਾਈ ਨਹੀਂ ਦੇਵੇਗਾ। ਇਸ ਲਈ ਘਬਰਾਉਣ ਦੀ ਲੋੜ ਨਹੀਂ। ਹੁਣ ਕੱਪੜਾ ਬੇਸ ਰੰਗ ਵਿਚੋਂ ਕਢ ਲਵੋ ਅਤੇ ਫਿਰ ਇਸ ਨੂੰ ਸਾਲਟ ਰੰਗ ਦੇ ਘੋਲ ਵਿਚ ਪਾ ਦਿਉ। ਸਾਲਟ ਰੰਗ ਵਿਚ ਪਾਉਂਦੇ ਹੀ ਰੰਗ ਚੜ੍ਹ ਜਾਵੇਗਾ।ਇਸ ਕਿਰਿਆ ਨੂੰ ਦੋ ਤਿੰਨ ਵਾਰ ਕਰੋ, ਅਜਿਹਾ ਕਰਨ ਨਾਲ ਰੰਗ ਗੂੜ੍ਹਾ ਚੜ੍ਹਦਾ ਹੈ ।

**ਨੋਟ** : ਰੰਗ ਕਰਨ ਤੋਂ ਪਹਿਲਾਂ ਇਕ ਛੋਟੇ ਮੱਗ ਵਿਚ ਥੋੜ੍ਹਾ ਜਿਹਾ ਬੇਸ ਰੰਗ ਅਤੇ ਸਾਲਟ ਰੰਗ ਮਿਲਾ ਕੇ ਦੇਖ ਲਵੋ । ਜਦੋਂ ਦੋਹਾਂ ਨੂੰ ਮਿਲਾ ਕੇ ਤੁਹਾਡਾ ਮਨਪਸੰਦ ਰੰਗ ਆ ਜਾਵੇ ਤਾਂ ਹੀ ਕੱਪੜੇ ਨੂੰ ਰੰਗ ਕਰੋ ।

ਤੁਸੀਂ ਕੱਪੜੇ ਉਪਰ ਇਕ ਰੰਗ ਹੀ ਨਹੀਂ ਬਲਕਿ ਦੋ ਤਿੰਨ ਤਰ੍ਹਾਂ ਦੇ ਰੰਗ ਕਰ ਸਕਦੇ ਹੋ। ਕੱਪੜੇ ਤੇ ਡਿਜ਼ਾਇਨ ਬਨਾਉਣ ਅਤੇ ਰੰਗਣ ਤੋਂ ਪਹਿਲਾਂ ਹੀ ਸੋਚ ਲਵੋ ਕਿ ਕਿਹੜੇ ਅਤੇ ਕਿੰਨੇ ਰੰਗ ਕਰਨੇ ਹਨ। ਪਹਿਲਾਂ ਹਲਕੇ ਰੰਗ ਕਰੋ ਅਤੇ ਬਾਅਦ ਵਿਚ ਜਿਥੇ ਜਿਥੇ ਹਲਕਾ ਰੰਗ ਛੱਡਣਾ ਹੋਵੇ ਉੱਥੇ ਮੋਮ ਲਗਾ ਕੇ ਗਾੜ੍ਹਾ ਰੰਗ ਕਰੋ।

## 3.2.8. ਕ੍ਰੈਕਸ ਬਨਾਉਣਾ

- ਬਾਟਿਕ ਕਲਾ ਵਿਚ ਵਿੰਗੀਆਂ ਟੇਢੀਆਂ ਕਤਾਰਾਂ ਦੇ ਡਿਜ਼ਾਈਨ ਬਹੁਤ ਪ੍ਰਚਲਤ ਹਨ। ਇਸ ਡਿਜ਼ਾਈਨ ਨੂੰ ਕ੍ਰੈਕਸ ਕਹਿੰਦੇ ਹਨ। (ਚਿੱਤਰ 13) ਇਹ ਡਿਜ਼ਾਈਨ ਦੇਖਣ ਨੂੰ ਜਿੰਨਾ ਸੁੰਦਰ ਅਤੇ ਔਖਾ ਲੱਗਦਾ ਹੈ, ਬਨਾਉਣ ਵਿਚ ਓਨਾਂ ਹੀ ਆਸਾਨ ਹੈ ਕ੍ਰੈਕਸ ਹੇਠ ਲਿਖੇ ਤਰੀਕਿਆਂ ਨਾਲ ਪਾਏ ਜਾਂਦੇ ਹਨ ।



ਚਿੱਤਰ 13

(ੳ) ਬਾਰਾਂ ਨੰਬਰ ਦੇ ਬੁਰਸ਼ ਨਾਲ ਪੂਰੇ ਕੱਪੜੇ ਦੇ ਦੋਹਾਂ ਪਾਸਿਆਂ ਉੱਪਰ ਮੋਮ ਲਗਾ ਦਿਉ । ਸੁੱਕਣ ਤੋਂ ਬਾਅਦ ਕੱਪੜੇ ਨੂੰ ਹਲਕਾ ਹਲਕਾ ਦਬਾ ਦਿਉ ਤੇ ਫੇਰ ਉੱਪਰ ਦੱਸੀ ਵਿਧੀ ਅਨੁਸਾਰ ਰੰਗ ਦਿਉ ।

(ਅ) ਕੱਪੜੇ ਉਪਰ ਮੋਮ ਲਗਾ ਦਿਉ ਤੇ ਫਿਰ ਕਿਸੇ ਪਿੰਨ ਜਾਂ ਨੁਕੀਲੀ ਸੂਈ ਨਾਲ ਵਿੰਗੀਆਂ ਟੇਡੀਆਂ ਕਤਾਰਾਂ ਬਣਾ ਕੇ ਰੰਗ ਦਿਉ। ਧਿਆਨ ਰਹੇ ਸੂਈ ਜ਼ਿਆਦਾ ਜ਼ੋਰ ਨਾਲ ਨਾ ਮਾਰੋ, ਅਜਿਹਾ ਕਰਨ ਨਾਲ ਕੱਪੜਾ ਫਟ ਸਕਦਾ ਹੈ।

## 3.2.9 ਕੱਪੜੇ ਉਤੋਂ ਮੋਮ ਉਤਾਰਨਾ

ਮੋਮ ਹੇਠ ਲਿਖੇ ਤਰੀਕਿਆਂ ਨਾਲ ਉਤਾਰੀ ਜਾ ਸਕਦੀ ਹੈ ;

## 3.2.9. (ੳ) ਸਾਬਣ ਦੇ ਪਾਣੀ ਨਾਲ ਧੋਣਾ

ਅੱਧਾ ਪਤੀਲਾ ਪਾਣੀ ਦਾ ਲਉ, ਉਸ ਵਿਚ 200 ਗ੍ਰਾਮ ਕੱਪੜੇ ਧੋਣ ਵਾਲਾ ਸੋਡਾ ਪਾਉ। ਜਦੋਂ ਸਾਰਾ ਸਾਬਣ ਚੰਗੀ ਤਰ੍ਹਾਂ ਘੁਲ ਜਾਵੇ ਅਤੇ ਪਾਣੀ ਉਬਲਣ ਲੱਗੇ ਤਾਂ ਉਸ

ਵਿਚ ਮੋਮ ਲੱਗਿਆ ਹੋਇਆ ਕੱਪੜਾ ਪਾ ਦਿਉ ਅਤੇ ਕੱਪੜੇ ਨੂੰ ਚੰਗੀ ਤਰ੍ਹਾਂ ਹਿਲਾਉਂਦੇ ਰਹੋ। ਹੌਲੀ-ਹੌਲੀ ਸਾਰਾ ਮੋਮ ਉੱਤਰ ਜਾਵੇਗਾ। ਫਿਰ ਕੱਪੜੇ ਨੂੰ ਸਾਫ਼ ਪਾਣੀ ਵਿਚ ਧੋ ਕੇ ਛਾਂ ਵਿਚ ਸੁਕਾ ਲਵੋ।

### 3.2.9. (ਅ) ਪ੍ਰੈਸ ਦੁਆਰਾ

ਪਹਿਲਾਂ ਮੋਮ ਦੀ ਮੋਟੀ ਤਹਿ ਨੂੰ ਚਾਕੂ ਨਾਲ ਜਾਂ ਹੱਥਾਂ ਨਾਲ ਮਲ ਕੇ ਉਤਾਰ ਲਵੋ। ਫਿਰ ਮੇਜ਼ ਉਪਰ ਪੁਰਾਣਾ ਅਖ਼ਬਾਰ ਵਿਛਾ ਕੇ ਉਸ ਉਪਰ ਮੋਮ ਲੱਗਾ ਹੋਇਆ ਕੱਪੜਾ ਵਿਛਾ ਦਿਉ, ਉਸ ਉਪਰ ਫਿਰ ਅਖ਼ਬਾਰ ਵਿਛਾਉ ਅਤੇ ਅਖ਼ਬਾਰ ਉੱਤੋਂ ਗਰਮ ਪ੍ਰੈਸ ਫੇਰੋ। ਦੋ ਤਿੰਨ ਵਾਰ ਅਜਿਹਾ ਕਰਨ ਨਾਲ ਕੱਪੜੇ ਉੱਪਰਲੀ ਮੋਮ ਅਖ਼ਬਾਰ ਵਿਚ ਆ ਜਾਂਦੀ ਹੈ ਅਤੇ ਕੱਪੜਾ ਸਾਫ਼ ਹੋ ਜਾਵੇਗਾ। ਫੇਰ ਉਸ ਨੂੰ ਸਾਫ਼ ਪਾਣੀ ਨਾਲ ਧੋ ਕੇ ਛਾਂ ਵਿਚ ਸੁਕਾ ਲਉ। ਪੂਰਾ ਸੁੱਕਣ ਮਗਰੋਂ ਪ੍ਰੈਸ ਕਰ ਲਵੋ, ਸ਼ਾਨਦਾਰ, ਆਕਰਸ਼ਕ, ਬਾਟਿਕ ਦਾ ਨਮੂਨਾ ਤਿਆਰ ਹੈ।

## ਅਧਿਆਇ-4

# ਸੁੱਕੀ ਬਨਸਪਤੀ ਤੋਂ ਸਜਾਵਟੀ ਸਮਾਨ

4.0. ਸਜਾਵਟ ਦੇ ਕੁਦਰਤੀ ਸਾਧਨਾਂ ਵਿਚ ਫੁੱਲ ਇਕ ਅਨਮੋਲ ਸਾਧਨ ਹਨ। ਵੈਸੇ ਤਾਂ ਕਿਸੇ ਜਗ੍ਹਾ ਤੇ ਵੀ ਰੱਖੇ ਅਤੇ ਕਿਸੇ ਕਿਸਮ ਦੇ ਵੀ ਫੁੱਲ ਦੇਖਣ ਵਾਲੇ ਦਾ ਮਨ ਮੋਹ ਲੈਂਦੇ ਹਨ ਪਰ ਇਨ੍ਹਾਂ ਨੂੰ ਸੁਹਣੇ ਢੰਗ ਨਾਲ ਕਿਸੇ ਫੁੱਲਦਾਨ ਵਿਚ ਲਗਾਇਆ ਜਾਵੇ ਤਾਂ ਇਨ੍ਹਾਂ ਦਾ ਆਕਰਸ਼ਨ ਹੋਰ ਵੀ ਵਧ ਜਾਂਦਾ ਹੈ। ਫੁੱਲਾਂ ਨਾਲ ਸਜਾਵਟ ਕਰਨ ਨਾਲ ਵਾਤਾਵਰਣ ਦੀ ਖੁਸ਼ੀ ਅਤੇ ਸੁੰਦਰਤਾ ਵਿਚ ਵਾਧਾ ਹੁੰਦਾ ਹੈ।। ਇਹ ਮਨੁੱਖ ਨੂੰ ਦੁੱਖਾਂ ਅਤੇ ਚਿੰਤਾਵਾਂ ਤੋਂ ਛੁਟਕਾਰਾ ਦਿਵਾਉਂਣ ਦਾ ਇਕ ਚੰਗਾ ਸਾਧਨ ਹੈ। ਤਾਜ਼ਾ ਫੁੱਲ ਹਰ ਵੇਲੇ ਹਰ ਜਗ੍ਹਾ ਤੇ ਮਿਲਣੇ ਕਈ ਵਾਰੀ ਔਖੇ ਹੁੰਦੇ ਹਨ। ਪਰ ਜੇਕਰ ਤਾਜ਼ੇ ਫੁੱਲਾਂ ਦੀ ਬਜਾਏ ਸੁੱਕੀ ਬਨਸਪਤੀ ਜਿਵੇਂ ਕਿ ਕਣਕ ਦੇ ਸਿੱਟੇ, ਬਾਜਰੇ ਦੇ ਸਿੱਟੇ, ਸੁੱਕੇ ਪੱਤੇ, ਸੁੱਕੇ ਫਲ, ਸੁੱਕੀਆਂ ਟਾਹਣੀਆਂ ਅਤੇ ਮੁੱਢ ਵੀ ਤਰੀਕੇ ਨਾਲ ਪਾਲਿਸ਼ ਕਰ ਕੇ ਸਜਾਏ ਜਾਣ ਤਾਂ ਇਹ ਦੇਖਣ ਨੂੰ ਬਹੁਤ ਸੁਹਣੇ ਲਗਦੇ ਹਨ। ਇਨ੍ਹਾਂ ਚੀਜ਼ਾਂ ਨੂੰ ਖੇਤਾਂ ਵਿਚੋਂ, ਬਾਗ ਬਗੀਚਿਆਂ ਵਿਚੋ ਜਾਂ ਫਿਰ ਜੰਗਲਾਂ ਵਿਚੋਂ ਇਕੱਠਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਇਨ੍ਹਾਂ ਨੂੰ ਇਕੱਠਿਆ ਕਰਨ ਲਈ ਕੋਈ ਜ਼ਿਆਦਾ ਪੈਸਾ ਵੀ ਖ਼ਰਚ ਨਹੀਂ ਹੁੰਦਾ ਅਤੇ ਘਰ ਬੈਠਿਆਂ ਹੀ ਬਹੁਤ ਥੋੜ੍ਹੀ ਜਿਹੀ ਮਿਹਨਤ ਨਾਲ ਬੜੇ ਆਕਰਸ਼ਕ ਫੁੱਲ-ਵਿਵਸਥਾ (Flower arrangement) ਕੀਤੀ ਜਾ ਸਕਦੀ ਹੈ ਜੋ ਕਿ ਬਜ਼ਾਰਾਂ ਵਿਚ ਬਹੁਤ ਮਹਿੰਗੀ ਮਿਲਦੀ ਹੈ।

## 4.1. ਬਨਸਪਤੀ ਤੋਂ ਫੁੱਲ-ਪੱਤੀਆਂ ਸੁਕਾਉਣਾ

- ਫੁੱਲਾਂ ਨੂੰ ਸੁਕਾਉਣ ਦਾ ਸੌਖਾ ਅਤੇ ਵਧੀਆ ਤਰੀਕਾ ਹੈ ਕਿ ਹਵਾਦਾਰ ਅਤੇ ਖੁੱਲ੍ਹੇ ਬਰਾਂਡੇ ਜਾਂ ਕਮਰੇ ਵਿਚ ਫੁੱਲਾਂ ਨੂੰ ਧਾਗੇ ਨਾਲ ਬੰਨ੍ਹ ਕੇ ਕਿਸੇ ਤਾਰ ਉਪਰ ਉਲਟਾ ਕਰ ਕੇ ਲਟਕਾ ਦਿਉ।
- ਘਾਹ ਵਰਗੀਆਂ ਛੋਟੀਆਂ ਅਤੇ ਨਾਜ਼ੁਕ ਪੱਤੀਆਂ ਨੂੰ ਛਾਂਵੇਂ ਕਿਸੇ ਮੇਜ਼ ਉੱਤੇ ਵਿਛਾ ਕੇ ਚੰਗੀ ਤਰ੍ਹਾਂ ਸੁਕਾਇਆ ਜਾ ਸਕਦਾ ਹੈ।
- ਕਈ ਪੱਤਿਆਂ ਅਤੇ ਸਿੱਟਿਆਂ ਨੂੰ ਫੁੱਲਦਾਨ ਵਿਚ ਸਿੱਧੇ ਖੜ੍ਹਾ ਕਰ ਕੇ ਚੰਗੀ ਤਰ੍ਹਾਂ ਸੁਕਾਇਆ ਜਾ ਸਕਦਾ ਹੈ ਜਿਵੇਂ ਕਿ ਕਣਕ/ਬਾਜਰੇ ਦੇ ਸਿੱਟੇ ਆਦਿ।
- ਫੁੱਲਾਂ ਨੂੰ ਜਲਦੀ ਸੁਕਾਉਣ ਲਈ ਸਿਲੀਕਾ ਜ਼ੈੱਲ ਦੀ ਵਰਤੋਂ ਕੀਤੀ ਜਾ ਸਕਦੀ ਹੈ। ਚੰਗੀ ਤਰ੍ਹਾਂ ਹਵਾਬੰਦ ਡੱਬੇ ਵਿਚ ਫੁੱਲਾਂ ਨੂੰ ਦੋ ਦਿਨ ਦੇ ਵਿਚ ਹੀ ਚੰਗੀ ਤਰ੍ਹਾਂ ਸੁਕਾਇਆ ਜਾ ਸਕਦਾ ਹੈ। ਪਰ ਧਿਆਨ ਰਹੇ ਕਿ ਫੁੱਲ ਚੰਗੀ ਤਰ੍ਹਾਂ ਸਿਲਿਕਾ ਜ਼ੈੱਲ ਨਾਲ ਢੱਕੇ ਹੋਣ।
- ਬੋਰੈਕਸ ਪਾਊਡਰ ਅਤੇ ਬਾਰੀਕ ਰੇਤਾ ਨਾਲ ਵੀ ਫੁੱਲ ਜਲਦੀ ਸੁੱਕਦੇ ਹਨ ;

4.2. ਤਰੀਕਾ : ਗੱਤੇ ਦੇ ਡੱਬੇ ਵਿਚ ਰੇਤ ਅਤੇ ਬੋਰੈਕਸ ਪਾਊਡਰ ਪਾ ਦਿਓ। ਉਸ ਉੱਪਰ ਸੁਕਾਉਣ ਵਾਲੇ ਫੁੱਲ ਅਤੇ ਪੱਤੀਆਂ ਰੱਖ ਦਿਉ। ਇਹ ਪਾਊਡਰ ਹੁਣ ਇਨ੍ਹਾਂ ਫੁੱਲਾਂ ਉਪਰ ਵੀ ਪਾ ਦਿਉ। ਧਿਆਨ ਰਹੇ ਕਿ ਫੁੱਲ ਅਤੇ ਪੱਤੀਆਂ ਦੇ ਕੁਦਰਤੀ ਆਕਾਰ ਵਿਚ ਕੋਈ ਫ਼ਰਕ ਨਾ ਪਵੇ। ਫੇਰ ਇਸ ਨੂੰ ਗਰਮ ਅਤੇ ਸੁੱਕੀ ਥਾਂ ਤੇ ਬਿਨਾਂ ਢੱਕੇ ਰੱਖ ਦਿਉ। ਪੱਤੀਆਂ ਅਤੇ ਟਾਹਣੀਆਂ ਨੂੰ ਕਿਸੇ ਭਾਰ ਹੇਠ ਦਬਾ ਕੇ ਵੀ ਚੰਗੀ ਤਰ੍ਹਾਂ ਸੁਕਾਇਆ ਜਾ ਸਕਦਾ ਹੈ ।

## 4.3 ਲੱਕੜੀ ਦੇ ਮੁੱਢਾਂ ਨੂੰ ਬਲੀਚ ਕਰਨ ਦਾ ਤਰੀਕਾ


- ਇਕ ਵੱਡਾ ਚਮਚ ਆਗਜ਼ੈਲਿਕ ਐਸਿਡ 1/4 ਬਾਲਟੀ ਪਾਣੀ ਵਿਚ ਪਾਉ।
- ਇਸ ਵਿਚ ਮੁੱਢ ਨੂੰ 10 ਮਿੰਟ ਲਈ ਡੁਬੋ ਦਿਉ।
- ਇਸ ਤੋਂ ਬਾਅਦ ਗਰਮ ਪਾਣੀ ਵਿਚੋਂ ਨਿਤਾਰ ਲਉ।
- ਮੁੱਢ ਦਾ ਰੰਗ ਫਿੱਕਾ ਕਰਨ ਲਈ ਲੂਣ ਵਾਲਾ ਪਾਣੀ ਵੀ ਵਰਤਿਆ ਜਾ ਸਕਦਾ ਹੈ।

## 4.4 ਮੁੱਢਾਂ ਨੂੰ ਸਜਾਉਣ ਦਾ ਤਰੀਕਾ

ਇਨ੍ਹਾਂ ਤਿਆਰ ਕੀਤੇ ਮੁੱਢਾਂ ਨੂੰ ਸੁੱਕੇ ਫੁੱਲਾਂ, ਟਹਿਣੀਆਂ ਜਾਂ ਪੱਤਿਆਂ ਆਦਿ ਨਾਲ ਸਜਾਇਆ ਜਾ ਸਕਦਾ ਹੈ ਇਸ ਤੋਂ ਇਲਾਵਾ ਚੰਗੀ ਤਰ੍ਹਾਂ ਸੰਤੁਲਿਤ ਮੁੱਢਾਂ ਉੱਪਰ ਸ਼ੀਸ਼ਾ ਰੱਖ ਕੇ ਸੈਂਟਰ ਟੇਬਲ ਅਤੇ ਸਾਈਡ ਟੇਬਲ ਆਦਿ ਵੀ ਬਣਾਏ ਜਾ ਸਕਦੇ ਹਨ ।

## 4.5 ਸੁੱਕੀ ਬਨਸਪਤੀ ਨੂੰ ਸਜਾਉਣ ਦਾ ਤਰੀਕੇ

ਸੁੱਕੇ ਪੱਤੇ, ਸਿੱਟਿਆਂ, ਫੁੱਲਾਂ ਅਤੇ ਮੁੱਢਾਂ ਨੂੰ ਟੋਕਰੀਆਂ, ਛਿੱਕੂ, ਫੁੱਲਦਾਨ ਜਾਂ ਫੁੱਲਦਾਨ ਤੋਂ ਬਗੈਰ ਵੀ ਕਿਸੇ ਮੇਜ਼ ਉੱਤੇ ਜਾਂ ਕਮਰੇ ਦੇ ਕੋਨੇ ਵਿਚ ਸਜਾਇਆ ਜਾ ਸਕਦਾ ਹੈ। (ਚਿੱਤਰ 14 ੳ, ਅ) ਧਿਆਨ ਰਹੇ ਕਿ ਸ਼ੀਸ਼ੇ ਦੇ ਨਾਜ਼ੁਕ ਫੁੱਲਦਾਨ ਵਿਚ ਇਹ ਵਿਵਸਥਾ ਜ਼ਿਆਦਾ ਚੰਗੀ ਨਹੀਂ ਲੱਗਦੀ । ਕਿਉਂ ਕਿ ਸੁੱਕੀਆਂ ਟਹਿਣੀਆਂ ਅਤੇ ਪੱਤਿਆਂ ਦੀ ਬਨਾਵਟ ਇਨ੍ਹਾਂ ਧਾਤਾਂ ਨਾਲ ਮੇਲ ਨਹੀ ਖਾਂਦੀ ।



(ੳ.) ਚਿੱਤਰ 14 (ਅ.)

## 4.6. ਸੁੱਕੀਆਂ ਚੀਜ਼ਾਂ ਨਾਲ ਫੁੱਲ-ਸੱਜਾ ਲਈ ਲੋੜੀਂਦੀ ਸਮੱਗਰੀ

4.6. (ੳ) **ਸਟੈਮ ਹੋਲਡਰ** : ਇਹ ਲੋਹੇ ਦਾ ਬਣਿਆ ਹੁੰਦਾ ਹੈ ਅਤੇ ਇਸ ਉੱਪਰ ਨੁਕੀਲੇ ਪਿੰਨ ਲੱਗੇ ਹੁੰਦੇ ਹਨ ਜਿਨ੍ਹਾਂ ਨਾਲ ਟਹਿਣੀਆਂ ਮਜ਼ਬੂਤੀ ਨਾਲ ਇਕ ਜਗ੍ਹਾ ਤੇ ਟਿਕੀਆਂ ਰਹਿੰਦੀਆਂ ਹਨ ।

4.6. (ਅ) **ਥਰਮੋਕੋਲ ਦੇ ਟੁਕੜੇ** ; ਟਹਿਣੀਆਂ ਅਤੇ ਫੁੱਲਾਂ ਨੂੰ ਟਿਕਾਉਣ ਲਈ ਥਰਮੋਕੋਲ ਦੇ ਟੁਕੜੇ ਅਤੇ ਪੁਟੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ ।

4.6. (ੲ) **ਪੱਥਰ ਦੇ ਟੁਕੜੇ ਅਤੇ ਤੀਲੀਆਂ ਆਦਿ;** ਵੈਸੇ ਤਾਂ ਫੁੱਲ ਅਤੇ ਪੱਤੇ ਹੀ ਸਟੈਮ-ਹੋਲਡਰ ਨੂੰ ਢੱਕ ਦਿੰਦੇ ਹਨ ਪਰ ਜੇ ਸਟੈਮ-ਹੋਲਡਰ ਪੂਰੀ ਤਰ੍ਹਾਂ ਨਾ ਢੱਕਿਆ ਹੋਵੇ ਤਾਂ ਇਸ ਨੂੰ ਢੱਕਣ ਲਈ ਪੱਥਰ ਦੇ ਟੁਕੜੇ ਜਾਂ ਲੱਕੜ ਦੇ ਤੀਲਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਤਾਂਬੇ ਦੀ ਤਾਰ, ਟੇਪ ਅਤੇ ਪਿੰਨ ਦੀ ਵਰਤੋਂ ਫੁੱਲ ਅਤੇ ਪੱਤੀਆਂ ਨੂੰ ਜੋੜਨ ਵਾਸਤੇ ਕੀਤੀ ਜਾ ਸਕਦੀ ਹੈ ।

## 4.7. ਦਰਖ਼ਤਾਂ ਦੇ ਮੁੱਢਾਂ ਨੂੰ ਸਜਾਵਟ ਲਈ ਵਰਤਣ ਦਾ ਤਰੀਕਾ

- ਪਹਿਲਾਂ ਦੇਖਣ ਵਿਚ ਸੁਹਣੇ ਅਤੇ ਆਕਰਸ਼ਕ ਡਿਜ਼ਾਈਨ ਦੇ ਮੁੱਢ ਦੀ ਚੋਣ ਕਰੋ।
- ਫੇਰ ਇਸ ਨੂੰ ਬੁਰਸ਼ ਨਾਲ ਚੰਗੀ ਤਰ੍ਹਾਂ ਸਾਫ਼ ਕਰੋ। ਇਸ ਵਿਚਲੀਆਂ ਸਾਰੀਆਂ ਤਰੇੜਾਂ ਵਿਚੋਂ ਮਿੱਟੀ ਨੂੰ ਚੰਗੀ ਤਰ੍ਹਾਂ ਕੱਢ ਲਵੋ ਅਤੇ ਸਰਫ ਦੇ ਘੋਲ ਵਿਚ ਧੋ ਲਵੋ ।
- ਧੋਣ ਤੋਂ ਬਾਅਦ ਇਸ ਨੂੰ ਚੰਗੀ ਤਰ੍ਹਾਂ ਸੁਕਾ ਲਉ ।
- ਮੁੱਢ ਉਪਰਲਾ ਉੱਤਰਨ ਵਾਲਾ ਨਰਮ ਛਿਲਕਾ ਉਤਾਰ ਦਿਉ ।
- ਫਿਰ ਇਸ ਨੂੰ ਆਪਣੇ ਸਾਹਮਣੇ ਰੱਖ ਕੇ ਦੇਖੋ, ਜੇਕਰ ਕਿਸੇ ਖਾਸ ਬਦਲਾਉ ਦੀ ਲੋੜ ਹੋਵੇ ਤਾਂ ਬੇਲੋੜੇ ਆਕਾਰ ਨੂੰ ਕੱਟ ਦਿਉ ਜਾਂ ਜੇ ਇਸ ਦੇ ਨਾਲ ਕੋਈ ਹੋਰ ਟੁਕੜਾ ਜੋੜ ਕੇ ਕੋਈ ਆਕਰਸ਼ਕ ਡਿਜ਼ਾਈਨ ਬਨਾਉਣਾ ਹੋਵੇ ਤਾਂ ਉਸ ਨੂੰ ਬਰੀਕ ਕਿੱਲ ਨਾਲ ਜੋੜ ਦਿਉ।
- ਇਸ ਮੁੱਢ ਨੂੰ ਚਮਕਾਉਣ ਲਈ ਬੂਟਾਂ ਤੇ ਕਰਨ ਵਾਲੀ ਪਾਲਿਸ਼ ਜਾਂ ਫਰਨੀਚਰ ਵਾਲੀ ਪਾਲਿਸ਼ ਨਾਲ ਪਾਲਿਸ਼ ਕਰ ਲਵੋ। ਮੁੱਢ ਨੂੰ ਗੂੜ੍ਹੇ ਰੰਗ ਦਾ ਬਨਾਉਣ ਲਈ ਵਾਰਨਿਸ਼ ਜਾਂ ਪੇਂਟ ਦਾ ਇਸਤੇਮਾਲ ਵੀ ਕੀਤਾ ਜਾ ਸਕਦਾ ਹੈ ।
- ਲੱਕੜੀ ਦੇ ਮੁੱਢਾਂ ਦਾ ਰੰਗ ਬਲੀਚਿੰਗ ਘੋਲਾਂ (ਆਗਜੈਲਿਕ ਤੇਜ਼ਾਬ) ਵਿਚ ਪਾ ਕੇ ਹਲਕਾ ਵੀ ਕੀਤਾ ਜਾ ਸਕਦਾ ਹੈ ।

## 4.8 ਸੁੱਕੀ ਬਨਸਪਤੀ ਤੋਂ ਹੋਰ ਸਜਾਵਟੀ ਵਸਤਾਂ

ਸੁੱਕੇ ਫਲ-ਫੁੱਲ, ਪੱਤੀਆਂ, ਟਹਿਣੀਆਂ ਅਤੇ ਸਿੱਟਿਆਂ ਤੋਂ ਫੁੱਲ ਸਜਾਉਣ ਤੋਂ ਇਲਾਵਾ ਅਸੀਂ ਘਰ ਨੂੰ ਸਜਾਉਣ ਲਈ ਹੋਰ ਕਈ ਚੀਜ਼ਾਂ ਬਣਾ ਸਕਦੇ ਹਾਂ ਜਿਵੇਂ ਕਿ ਦੀਵਾਰਾਂ ਸਜਾਉਣ ਲਈ ਤਸਵੀਰਾਂ, ਫੁੱਲਦਾਨ ਆਦਿ।

## 4.8. (ੳ) ਤਸਵੀਰਾਂ ਬਨਾਉਣ ਲਈ ਲੋੜੀਂਦੀ ਸਮੱਗਰੀ

1. ਕਾਰਡਬੋਰਡ ਜਾਂ ਪਲਾਈਵੁੱਡ ਦਾ ਟੁੱਕੜਾ
2. ਪਲਾਈਵੁੱਡ ਨੂੰ ਢੱਕਣ ਲਈ ਕੱਪੜਾ (ਕੱਪੜਾ ਸੂਤੀ ਜਾਂ ਸਾਟਨ ਹੋ ਸਕਦਾ ਹੈ)
3. ਸੁੱਕੇ ਫੁੱਲ, ਪੱਤੀਆਂ, ਟਹਿਣੀਆਂ, ਸਿੱਟੇ, ਕਪਾਹ ਦੀਆਂ ਖੋਖੜੀਆਂ ਆਦਿ ।
4. ਚੀਜ਼ਾਂ ਨੂੰ ਚਿਪਕਾਉਣ ਲਈ ਪਦਾਰਥ (ਫੈਵੀਕੋਲ ਗੂੰਦ ਆਦਿ)
5. ਇਨੈਮਲ ਰੰਗ-ਸਿਲਵਰ ਅਤੇ ਸੁਨਹਿਰੀ ।

## 4.8. (ਅ) ਬਨਾਉਣ ਦਾ ਤਰੀਕਾ

ਸਭ ਤੋਂ ਪਹਿਲਾਂ ਪਲਾਈਵੁੱਡ ਦੇ ਫੱਟੇ ਨੂੰ ਆਪਣੀ ਇੱਛਾ ਅਨੁਸਾਰ ਆਕਾਰ ਵਿਚ ਕਟਵਾ ਲਉ ਤੇ ਫੇਰ ਉਸ ਉੱਤੇ ਕੱਪੜਾ ਚਿਪਕਾ ਦਿਉ। ਇੱਕਠੇ ਕੀਤੇ ਫੁੱਲਾਂ, ਪੱਤੀਆਂ, ਟਹਿਣੀਆਂ, ਸਿੱਟਿਆਂ ਆਦਿ ਨੂੰ ਆਪਣੀ ਮਨ-ਮਰਜ਼ੀ ਦੇ ਰੰਗ ਨਾਲ ਪੇਂਟ ਕਰ ਲਵੋ। ਜਦੋਂ ਇਹ ਚੰਗੀ ਤਰ੍ਹਾਂ ਸੁੱਕ ਜਾਵੇ ਤਾਂ ਇਨ੍ਹਾਂ ਨੂੰ ਕਿਸੇ ਸੁਹਣੇ ਜਿਹੇ ਆਕਾਰ ਵਿਚ ਤਿਆਰ ਕੀਤੇ ਬੋਰਡ ਉੱਤੇ ਰੱਖ ਕੇ ਦੇਖੋ। ਚੀਜ਼ਾਂ ਨੂੰ ਸਜਾਉਣ ਵੇਲੇ ਧਿਆਨ ਰਖੋ ਕਿ ਵੱਡੀਆਂ, ਭਾਰੀਆਂ ਅਤੇ ਗੂੜ੍ਹੇ ਰੰਗਾਂ ਵਾਲੀਆਂ ਫੁੱਲ ਅਤੇ ਟਹਿਣੀਆਂ ਥੱਲੇ ਵੱਲ ਹੋਣ, ਹਲਕੀਆਂ ਅਤੇ ਹਲਕੇ ਰੰਗ ਵਾਲੀਆਂ ਫੁੱਲ ਪੱਤੀਆਂ ਉਪਰ ਵੱਲ ਨੂੰ ਹੋਣ। ਸਭ ਤੋਂ ਸੁਹਣੀਆਂ ਅਤੇ ਆਕਰਸ਼ਕ ਚੀਜ਼ਾਂ ਨੂੰ ਬੋਰਡ ਦੇ ਵਿਚਕਾਰ ਜਾਂ ਥੋੜ੍ਹਾ ਹੇਠਾਂ ਕਰ ਕੇ ਲਗਾਉ ਤਾਂ ਕਿ ਆਪਣੇ ਆਪ ਸੁਹਣੇ ਡਿਜ਼ਾਇਨ ਵਲ ਧਿਆਨ ਜਾਵੇ। ਸਜਾਉਣ ਵੇਲੇ ਦੇਖੋ ਕਿ ਡਿਜ਼ਾਇਨ ਇਕਸਾਰ ਦਿਸੇ ਅਤੇ ਦੇਖਣ ਨੂੰ ਸੁਹਣਾ ਲੱਗੇ । ਇਸ ਤਰ੍ਹਾਂ ਦੋ ਤਿੰਨ ਵਾਰੀ ਚੀਜ਼ਾਂ ਰੱਖ ਕੇ ਦੇਖੋ ਅਤੇ ਜਿਹੜੀ ਵਿਵਸਥਾ ਸਭ ਤੋਂ ਚੰਗੀ ਲੱਗੇ ਉਸੇ ਅਨੁਸਾਰ ਸਾਰੀਆਂ ਚੀਜ਼ਾਂ ਨੂੰ ਫੈਵੀਕੋਲ ਨਾਲ ਚਿਪਕਾ ਦਿਉ। ਸੁਹਣੀ ਅਤੇ ਆਕਰਸ਼ਕ ਤਸਵੀਰ ਤਿਆਰ ਹੈ ।

**ਨੋਟ:** ਜੇਕਰ ਕੋਈ ਟਹਿਣੀ ਜਾਂ ਫੁੱਲ ਸਿੱਧਾ ਕੱਪੜੇ ਉਤੇ ਨਾ ਚਿਪਕਦਾ ਹੋਵੇ ਤਾਂ ਘਬਰਾਉਣ ਦੀ ਲੋੜ ਨਹੀਂ। ਸਗੋਂ ਪਹਿਲਾਂ ਟਹਿਣੀ ਜਾਂ ਫੁੱਲ ਦੇ ਪਿਛਲੇ ਪਾਸੇ ਕਾਗਜ਼ ਲਗਾ ਦਿਉ ਤੇ ਫਿਰ ਉਸ ਕਾਗਜ਼ ਤੇ ਗੂੰਦ ਜਾਂ ਫੈਵੀਕੋਲ ਲਗਾ ਕੇ ਕਪੜੇ ਉਤੇ ਚਿਪਕਾ ਦਿਉ। ਪਰ ਧਿਆਨ ਰਹੇ ਕਿ ਕਾਗਜ਼ ਕੱਪੜੇ ਉਤੇ ਨਜ਼ਰ ਨਾ ਆਵੇ ।

ਇਸ ਤਰੀਕੇ ਨਾਲ ਇਹ ਚੀਜ਼ਾਂ ਫੁਲਦਾਨ ਜਾਂ ਮਟਕੀਆਂ ਜਾਂ ਪਲੇਟਾਂ ਜਾਂ ਗਿਫਟ ਬਾਕਸ ਆਦਿ ਨੂੰ ਸਜਾਉਣ ਲਈ ਵੀ ਵਰਤੀਆਂ ਜਾ ਸਕਦੀਆਂ ਹਨ ।



ਚਿੱਤਰ 15

ਅਧਿਆਇ-5

# ਦਬਾਅ ਵਿਧੀ ਨਾਲ ਸੁਕਾਏ ਫੁੱਲਾਂ ਤੋਂ ਸਜਾਵਟੀ ਵਸਤਾਂ

5.0 ਫੁੱਲ ਕੁਦਰਤ ਦੀ ਇਕ ਬੜੀ ਮਨਮੋਹਕ ਅਤੇ ਸੁਹਣੀ ਦਾਤ ਹਨ, ਜੋ ਕਿ ਘਰ ਦੀ ਸਜਾਵਟ ਨੂੰ ਵੀ ਨਿਖ਼ਾਰ ਦੇਂਦੇ ਹਨ। ਪਰ ਇਹ ਬੜੀ ਜਲਦੀ ਮੁਰਝਾ ਜਾਂਦੇ ਹਨ ਅਤੇ ਕੁਝ ਦਿਨਾਂ ਬਾਅਦ ਇਥੋਂ ਤੱਕ ਕਿ ਕਈ ਫੁੱਲ ਤਾਂ ਟਾਹਣੀ ਤੋਂ ਟੁੱਟਣ ਮਗਰੋਂ ਕੁਝ ਘੰਟਿਆਂ ਵਿਚ ਹੀ ਖ਼ਰਾਬ ਹੋ ਜਾਂਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਕਿਸੇ ਖਾਸ ਤਰੀਕੇ ਨਾਲ ਸਾਂਭ ਕੇ ਰੱਖਿਆ ਜਾਵੇ ਤਾਂ ਕਿ ਵਧੇਰੇ ਸਮੇਂ ਤੱਕ ਇਹ ਆਪਣੀ ਸੁੰਦਰਤਾ ਬਿਖ਼ੇਰਦੇ ਰਹਿਣ। ਫੁੱਲਾਂ ਨੂੰ ਦਬਾਅ ਥੱਲੇ ਰੱਖ ਕੇ ਸੁਕਾਇਆ ਜਾ ਸਕਦਾ ਹੈ। ਇਹ ਵਿੱਧੀ ਬੜੀ ਸੌਖੀ ਅਤੇ ਸਸਤੀ ਹੈ। ਇਸ ਵਿਧੀ ਨਾਲ ਸੁਕਾਏ ਫੁੱਲਾਂ ਨਾਲ ਕਈ ਤਰ੍ਹਾਂ ਦਾ ਸਜਾਵਟੀ ਸਮਾਨ ਜਿਵੇਂ ਕਿ ਗਰੀਟਿੰਗ ਕਾਰਡ, ਫੋਟੋਆਂ ਦੇ ਫਰੇਮ, ਗਿਫਟ-ਬਾਕਸ ਅਤੇ ਤਸਵੀਰਾਂ ਆਦਿ ਬਣਾਈਆਂ ਜਾ ਸਕਦੀਆਂ ਹਨ ਅਤੇ ਇਹ ਬਣਾਵਟੀ ਫੁੱਲਾਂ ਨਾਲੋਂ ਵਧੇਰੇ ਸੁਹਣਾ ਅਤੇ ਸਸਤਾ ਪੈਂਦਾ ਹੈ। ਫੁੱਲਾਂ ਨੂੰ ਸੌਖੀ ਤਰ੍ਹਾਂ ਸੁਕਾਉਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ ;

## 5.1 (ੳ) ਫੁੱਲਾਂ ਦੀ ਚੋਣ

ਆਮ ਤੌਰ ਤੇ ਹਰੇਕ ਤਰ੍ਹਾਂ ਦੇ ਫੁੱਲ ਅਤੇ ਪੱਤੀਆਂ ਨੂੰ ਸੁਕਾਇਆ ਜਾ ਸਕਦਾ ਹੈ ਪਰ ਛੋਟੇ ਅਤੇ ਘੱਟ ਪੰਖੜੀਆਂ ਵਾਲੇ ਫੁੱਲ ਨੂੰ ਵਧੇਰੇ ਆਸਾਨੀ ਨਾਲ ਸੁਕਾਇਆ ਜਾ ਸਕਦਾ ਹੈ ਅਤੇ ਇਹ ਸੁੱਕਣ ਨਾਲ ਜਲਦੀ ਖਿੱਲਰਦੇ ਅਤੇ ਟੁੱਟਦੇ ਵੀ ਨਹੀਂ। ਇਸ ਲਈ ਗੂੜ੍ਹੇ ਰੰਗਾਂ ਵਾਲੇ ਅਤੇ ਛੋਟੇ ਫੁੱਲ ਜਿਵੇਂ ਕਿ ਪੇਂਜੀ, ਪੇਪਰ ਫੁੱਲ, ਗੇਂਦਾ ਆਦਿ ਨੂੰ ਸੁਕਾਉਣ ਲਈ ਵਰਤੋ। ਸੁਕਾਉਣ ਲਈ ਵੱਖ ਵੱਖ ਤਰ੍ਹਾਂ ਦੇ ਰੰਗ ਆਕਾਰ ਅਤੇ ਬਣਾਵਟ ਦੇ ਫੁੱਲਾਂ ਦੀ ਵਰਤੋਂ ਵਧੇਰੇ ਚੰਗੀ ਰਹਿੰਦੀ ਹੈ।

## 5.1. (ਅ) ਫੁੱਲਾਂ ਨੂੰ ਸੁਕਾਉਣ ਦਾ ਸਹੀ ਸਮਾਂ

ਫੁੱਲਾਂ ਨੂੰ ਜ਼ਿਆਦਾ ਧੁੱਪ ਅਤੇ ਬਾਰਸ਼ਾਂ ਦੇ ਮੌਸਮ ਵਿਚ ਨਾ ਤੋੜੋ। ਦਿਨੇ-ਦਿਨੇ ਜਦੋਂ ਫੁੱਲਾਂ ਤੇ ਔਸ ਦੀਆਂ ਬੂੰਦਾਂ ਚਮਕ ਰਹੀਆਂ ਹੋਣ ਉਸ ਵੇਲੇ ਫੁੱਲ ਤੋੜੋ ਅਤੇ ਤਾਜ਼ੇ-ਤਾਜ਼ੇ ਫੁੱਲ ਹੀ ਸੁਕਾਉਣ ਲਈ ਰੱਖ ਦਿਉ।

## 5.1. (ਏ) ਫੁੱਲ ਸੁਕਾਉਣ ਦੀ ਵਿਧੀ

ਬਲਾਟਿੰਗ ਪੇਪਰ ਜਾਂ ਅਖ਼ਬਾਰ ਦੀਆਂ ਤਹਿਆਂ ਦੇ ਵਿਚਕਾਰ ਫੁੱਲ ਨੂੰ ਰੱਖ ਦਿਉ ਤੇ ਫਿਰ ਇਸ ਨੂੰ ਕਿਤਾਬ ਅੰਦਰ ਜਾਂ ਕਿਸੇ ਸਮਤਲ ਭਾਰੀ ਚੀਜ਼ ਅੰਦਰ ਦਬਾਅ ਦਿਉ। ਇਸ ਨੂੰ ਬਿਨਾ ਹਿਲਾਏ 2-3 ਦਿਨਾਂ ਤੱਕ ਪਿਆ ਰਹਿਣ ਦਿਉ ਅਤੇ ਫੇਰ ਫੁੱਲ ਦਾ ਪਾਸਾ ਪਰਤਾ ਕੇ ਦੁਬਾਰਾ 3-4 ਦਿਨਾਂ ਤੱਕ ਰੱਖੋ। ਤਕਰੀਬਨ 7-8 ਦਿਨਾਂ ਅੰਦਰ ਫੁੱਲ ਸੁੱਕ ਜਾਂਦੇ ਹਨ ।

## 5.2. ਸੁੱਕੇ ਫੁੱਲਾਂ ਤੋ ਵੱਖ-ਵੱਖ ਚੀਜ਼ਾਂ ਸਜਾਉਣ ਦੀ ਵਿਧੀ


ਇਸ ਵਿਧੀ ਨਾਲ ਗਰੀਟਿੰਗ ਕਾਰਡ, ਫੁੱਲਦਾਨ, ਫ਼ੋਟੋਆਂ, ਫਾਈਲ-ਕਵਰ, ਫੋਟੋਆਂ ਦੇ ਫਰੇਮ ਆਦਿ ਬਣਾਏ ਜਾ ਸਕਦੇ ਹਨ ।

## 5.2. (ੳ) ਲੋੜੀਂਦੀ ਸਮੱਗਰੀ

| | |
|---|---|
| ਫੁੱਲ,ਪੱਤੀਆਂ,ਘਾਹ,ਟਹਿਣੀਆਂ | ਫੈਵੀਕੋਲ |
| ਕੈਂਚੀ | ਪੈਨੱ |
| ਫੁੱਲਦਾਨ,ਗਿਫਟ ਪੈਕ, ਕਾਰਡ ਆਦਿ ਜਿਸਨੂੰ ਸਜਾਉਣਾ ਹੋਵੇ | ਵਾਰਨਿਸ਼, ਪੇਂਟ |

**ਤਰੀਕਾ**

- ਫੁੱਲਾਂ ਨੂੰ ਪਹਿਲਾਂ ਦੱਸੀ ਵਿਧੀ ਅਨੁਸਾਰ ਸੁਕਾ ਲਉ ।



ਚਿੱਤਰ 16

- ਜਿਸ ਚੀਜ਼ ਉਪਰ ਫੁੱਲ ਸਜਾਉਣੇ ਹੋਣ, ਜਿਵੇਂ ਕਿ ਫੁੱਲਦਾਨ ਜਾਂ ਡੱਬਾ ਆਦਿ ਉਸ ਨੂੰ ਚੰਗੀ ਤਰ੍ਹਾਂ ਸਾਫ਼ ਕਰ ਕੇ ਹਲਕੇ ਰੰਗ ਨਾਲ ਪੇਂਟ ਕਰ ਲਵੋ। ਗਾੜ੍ਹੇ ਰੰਗ ਦੇ ਪੇਂਟ ਨਾਲ ਫੁੱਲਾਂ ਦੇ ਰੰਗ ਨਿੱਖਰਦੇ ਨਹੀਂ।

- ਗਰੀਟਿੰਗ ਕਾਰਡ ਆਦਿ ਬਨਾਉਣ ਲਈ ਪਹਿਲਾਂ ਚਾਰਟ ਪੇਪਰ ਜਾਂ ਮੋਟੇ ਕਾਗਜ ਨੂੰ ਕਾਰਡ ਦੇ ਆਕਾਰ ਜਿਨ੍ਹਾਂ ਕੱਟ ਲਉ ।

- ਫਿਰ ਜਿਸ ਆਕਾਰ ਵਿਚ ਫੁੱਲ ਲਗਾਉਣਾ ਚਾਹੋ ਉਸ ਨੂੰ ਪੈਨਸਿਲ ਨਾਲ ਵਾਹ ਲਉ। ਉਸ ਨਿਸ਼ਾਨ ਦੇ ਅੰਦਰ ਫੁੱਲ ਅਤੇ ਪੱਤੀਆਂ ਜਚਾ ਕੇ ਦੇਖੋ। ਡਿਜ਼ਾਈਨ ਫਾਈਨਲ ਕਰਨ ਤੋਂ ਬਾਅਦ ਪੰਖੜੀਆਂ ਜਾਂ ਪੱਤੀਆਂ ਦੇ ਉਲਟੇ ਪਾਸੇ ਫੈਵੀਕੋਲ ਲਗਾ ਕੇ ਡਿਜ਼ਾਈਨ ਵਿਚ ਲਗਾ ਦਿਉ ।

- ਡਿਜ਼ਾਈਨ ਪੂਰਾ ਹੋਣ ਤੋਂ ਬਾਅਦ 2-3 ਵਾਰ ਵਾਰਨਿਸ਼ ਕਰ ਦਿਉ । (ਚਿੱਤਰ 16)

ਅਧਿਆਇ-6

# ਕਾਗਜ਼ ਅਤੇ ਕੱਪੜੇ ਦੇ ਫੁੱਲ ਬਨਾਉਣਾ



6.0 ਕਾਗਜ਼ ਅਤੇ ਕੱਪੜੇ ਦੇ ਫੁੱਲਾਂ ਨਾਲ ਸਾਰਾ ਸਾਲ ਹੀ ਘਰ ਵਿਚ ਬਸੰਤ ਰੁੱਤ ਵਰਗੀ ਬਹਾਰ ਲਿਆਂਦੀ ਜਾ ਸਕਦੀ ਹੈ। ਥੋੜ੍ਹੇ ਜਿਹੇ ਖ਼ਰਚ, ਲਗਨ ਅਤੇ ਮਿਹਨਤ ਨਾਲ ਹੀ ਇਹ ਫੁੱਲ ਘਰ ਵਿਚ ਬਣਾਏ ਜਾ ਸਕਦੇ ਹਨ। ਪੁਰਾਣੀਆਂ ਜੁਰਾਬਾਂ, ਟਿਸ਼ੂ ਪੇਪਰ, ਕਰੇਪ ਪੇਪਰ, ਆਰਕੰਡੀ, ਮੁਰਗੀਆਂ ਦੇ ਖੰਭ, ਸੁਨੀਲ ਅਤੇ ਸਾਟਨ ਆਦਿ ਦੇ ਕੱਪੜਿਆਂ ਤੋਂ ਬੜੇ ਸੁਹਣੇ ਫੁੱਲ ਬਣਾਏ ਜਾ ਸਕਦੇ ਹਨ। ਬਣਾਵਟੀ ਫੁੱਲ ਬਨਾਉਣ ਦੇ ਕੁੱਝ ਤਰੀਕੇ ਹੇਠ ਲਿਖੇ ਹਨ :

## 6.1 ਮੁਰਗੀਆਂ ਦੇ ਖੰਭਾਂ ਤੋਂ ਫੁੱਲ ਬਨਾਉਣਾ

ਮੁਰਗੀ ਦੇ ਖੰਭਾਂ ਦਾ ਆਕਾਰ ਅਤੇ ਬਨਾਵਟ ਪੱਤੀਆਂ ਵਾਂਗ ਕੱਟ ਕੇ ਸੁਹਣੇ ਫੁੱਲ ਬਣਾਏ ਜਾ ਸਕਦੇ ਹਨ। ਫੁੱਲ ਬਨਾਉਣ ਲਈ ਪਹਿਲਾਂ ਖੰਭਾਂ ਨੂੰ ਚੰਗੀ ਤਰ੍ਹਾਂ ਸਾਬਣ ਦੇ ਪਾਣੀ ਨਾਲ ਧੋ ਕੇ ਰੰਗ ਕਰ ਲਵੋ। ਫੇਰ ਤਾਰ ਉੱਤੇ ਧਾਗੇ ਨਾਲ ਪਹਿਲਾਂ ਤਿੰਨ ਪੱਤੀਆਂ ਤੇ ਫੇਰ ਉਨ੍ਹਾਂ ਤਿੰਨਾਂ ਦੇ ਵਿਚਕਾਰ ਤਿੰਨ ਹੋਰ ਪੱਤੀਆਂ ਲਗਾ ਕੇ ਫੁੱਲ ਪੂਰਾ ਕਰ ਲਵੋ। ਬਾਕੀ ਬਚਦੀ ਤਾਰ ਨੂੰ ਹਰੀ ਟੇਪ ਨਾਲ ਢੱਕ ਦਿਉ (ਚਿੱਤਰ 17) ।




ਚਿੱਤਰ 17

## 6.2 ਜੁਰਾਬਾਂ ਤੋਂ ਫੁੱਲ ਬਨਾਉਣਾ

ਜੁਰਾਬਾਂ ਦੇ ਫੁੱਲ ਬਨਾਉਣ ਲਈ ਹੇਠ ਲਿਖਿਆ ਸਮਾਨ ਲੋੜੀਂਦਾ ਹੈ ;

| | |
|---|---|
| ਬਾਰੀਕ ਗੋਲਡਨ ਤਾਰ | ਪਤਲੀਆਂ ਰੰਗਦਾਰ ਜੁਰਾਬਾਂ |
| ਡੰਡੀ ਦੀ ਤਾਰ | ਹਰੀ ਟੇਪ |


ਜੁਰਾਬਾਂ ਦੇ ਫੁਲ ਬਨਾਉਣ ਲਈ ਪਹਿਲਾਂ ਗੋਲਡਨ ਤਾਰ ਨੂੰ ਪੱਤੀ ਦੇ ਆਕਾਰ ਵਿਚ ਮੋੜ ਲਵੋ। ਇਸ ਤਰ੍ਹਾਂ 4 ਪੱਤੀਆਂ ਮੋੜ ਲਵੋ। ਫਿਰ ਇਸ ਮੁੜੀ ਤਾਰ ਉੱਤੇ ਕੱਸ ਕੇ ਜ਼ਰਾਬ ਚੜ੍ਹਾ ਦਿਉ। ਇਸ ਤੋਂ ਬਾਅਦ ਇਨ੍ਹਾਂ ਸਾਰੀਆਂ ਪੱਤੀਆਂ ਨੂੰ ਡੰਡੀ ਵਾਲੀ ਤਾਰ ਨਾਲ ਬੰਨ੍ਹ ਲਵੋ ਅਤੇ ਬਚਦੀ ਤਾਰ ਉਤੇ ਹਰੀ ਟੇਪ ਲਗਾ ਦੇਵੋ (ਚਿਤਰ 18) ।



ਚਿੱਤਰ 18

## 6.3. ਡਿਊਪਲੈਕਸ ਪੇਪਰ ਤੋਂ ਫੁੱਲ ਬਨਾਉਣਾ


ਡਿਊਪਲੈਕਸ ਪੇਪਰ ਜੋ ਸਟੇਸ਼ਨਰੀ ਵਾਲੀਆਂ ਦੁਕਾਨਾਂ ਤੇ ਆਮ ਮਿਲਦਾ ਹੈ ਨਾਲ ਕਈ ਤਰ੍ਹਾਂ ਦੇ ਫੁੱਲ ਬਣਾਏ ਜਾ ਸਕਦੇ ਹਨ ਜਿਵੇਂ ਜ਼ਰਬਰਾ, ਗੁਲਾਬ, ਪੈਂਜੀ ਆਦਿ। ਕਾਗਜ਼ ਫੁੱਲਾਂ ਦੇ ਕੁਦਰਤੀ ਰੰਗ ਨਾਲ ਮੇਲ ਖਾਂਦੇ ਹੋਏ ਲਉ ਜਿਵੇਂ ਕਿ ਹਲਕਾ ਗੁਲਾਬੀ ਜਾਂ ਹਲਕਾ ਸੰਤਰੀ ਜਾਂ ਹਲਕਾ ਪੀਲਾ ਆਦਿ ਸੁਹਣੇ ਲਗਦੇ ਹਨ। ਫੁੱਲ ਬਨਾਉਣ ਲਈ ਹੋਰ ਸਮਾਨ ਤਾਰ, ਹਰੇ ਰੰਗ ਦਾ ਕਾਗਜ਼, ਚਿਪਕਾਉਣ ਵਾਲਾ ਪਦਾਰਥ ਅਤੇ ਕੈਂਚੀ ਆਦਿ ਚਾਹੀਦਾ ਹੈ । ਡਿਊਪਲੈਕਸ ਪੇਪਰ ਤੋਂ ਫੁੱਲ ਤਿਆਰ ਕਰਨ ਲਈ ਪਹਿਲਾਂ ਢਾਈ ਇੰਚ ਚੋੜੇ ਤੇ 5 ਇੰਚ ਲੰਬੇ ਕਾਗਜ਼ ਦੀ ਕਾਤਰ ਕੱਟ ਲਵੋ। ਧਿਆਨ ਰਹੇ ਕਿ ਇਹ ਕਾਗਜ਼ ਲੰਬੇ ਰੁੱਖ ਹੀ ਕੱਟਿਆ ਜਾਵੇ। ਫੇਰ ਇਸ ਨੂੰ *(ਚਿੱਤਰ 19 ੳ ਅਨੁਸਾਰ)* ਕੱਟ ਲਵੋ। ਫੁੱਲਾਂ ਦੇ ਸਹੀ ਆਕਾਰ ਤੇ ਬਣਾਵਟ ਲਈ ਕੱਟ ਲੰਬੇ, ਬਾਰੀਕ ਅਤੇ ਇਕਸਾਰ ਹੋਣੇ ਚਾਹੀਦੇ ਹਨ। ਬਿਨਾਂ ਕੱਟੇ ਹਿੱਸੇ ਨੂੰ ਤਾਰ ਦੁਆਲੇ ਕੱਸ ਕੇ ਲਪੇਟ ਲਵੋ ਅਤੇ ਧਾਗੇ ਨਾਲ ਬੰਨ੍ਹ ਦਿਉ ਅਤੇ ਕੱਟੇ ਹਿੱਸਿਆਂ ਦੇ ਬਾਹਰ ਵਾਲੇ ਪਾਸਿਆਂ ਵੱਲ ਕਿਸੇ ਗੋਲ ਚੀਜ਼ ਜਿਵੇਂ ਕਿ ਪੈਨਸਿਲ ਜਾਂ ਪੈੱਨ ਦੀ ਮਦਦ ਨਾਲ ਬੰਨ੍ਹ ਲਵੋ। ਬਚੀ ਹੋਈ ਡੰਡੀ ਨੂੰ ਹਰੇ ਕਾਗਜ਼ ਦੀਆਂ ਕਾਤਰਾਂ ਨਾਲ ਢੱਕ ਦਿਉ (ਚਿੱਤਰ (19 ਅ) ਜ਼ਰਬਰਾ ਫੁੱਲ) ।



(ੳ) ਚਿੱਤਰ 19 (ਅ)

## 6.4 ਗੁਲਾਬ ਦੇ ਫੁੱਲ ਬਨਾਉਣ ਦੀ ਵਿਧੀ

ਗੁਲਾਬ ਦਾ ਫੁੱਲ ਬਨਾਉਣ ਲਈ ਗੁਲਾਬ ਵਰਗੇ ਰੰਗ ਦੇ ਕਾਗਜ਼ ਲਵੋ ਤੇ ਫੇਰ (ਚਿਤਰ 20 (ੳ) ਅਨੁਸਾਰ) ਡੇਢ ਅਤੇ (ਚਿੱਤਰ 20ਅ ਅਨੁਸਾਰ) ਇਕ ਇੰਚ ਦੀਆਂ ਪੱਤੀਆਂ ਕੱਟ ਲਵੋ। ਪੱਤੀਆਂ ਨੂੰ ਥਲਿਉਂ ਦੋਹਾਂ ਹੱਥਾਂ ਦੇ ਅੰਗੂਠਿਆਂ ਵਿਚ ਲੈ ਕੇ ਹਲਕਾ ਜਿਹਾ ਖਿੱਚ ਲਵੋ ਤਾਂ ਕਿ ਪੱਤੀਆਂ ਗੋਲਾਈ ਦਾ ਆਕਾਰ ਧਾਰਨ ਕਰ ਲੈਣ ਪੱਤੀਆਂ ਨੂੰ ਉੱਪਰਲੇ ਸਿਰੇ ਤੋਂ ਵੀ ਬਾਹਰ ਵੱਲ ਨੂੰ ਮੋੜ ਲਵੋ। ਫੇਰ ਤਾਰ ਉੱਪਰ (ਚਿਤਰ 20 ੲ ਅਨੁਸਾਰ) ਪਹਿਲਾਂ ਇਕ ਇੰਚ ਵਾਲੀਆਂ ਪੱਤੀਆਂ ਤੇ ਫੇਰ ਡੇਢ ਇੰਚ ਵਾਲੀਆਂ ਪੱਤੀਆਂ ਲਗਾ ਲਵੋ। ਸੁਹਣਾ ਗੁਲਾਬ ਦਾ ਫੁੱਲ ਤਿਆਰ ਹੈ ।



(ੳ) (ਅ) (ੲ)

ਚਿੱਤਰ 20


## 6.5 ਆਰਕੰਡੀ ਦੇ ਫੁੱਲ

ਆਰਕੰਡੀ ਦੇ ਕੱਪੜੇ ਤੋਂ ਅਸੀਂ ਗੁਲਾਬ ਦੇ ਸੁਹਣੇ ਫੁੱਲ ਤਿਆਰ ਕਰ ਸਕਦੇ ਹਾਂ। ਇਨ੍ਹਾਂ ਨੂੰ ਬਨਾਉਣ ਲਈ ਜ਼ਰੂਰੀ ਸਮਾਨ ਅਤੇ ਵਿਧੀ ਹੇਠ ਅਨੁਸਾਰ ਹੈ ;

| | |
|---|---|
| ਆਰਕੰਡੀ | 1/4 ਮੀਟਰ(ਹਲਕਾ ਪੀਲਾ,ਗੁਲਾਬੀ, ਸਫੈਦ) |
| ਪਤਲੀ ਤਾਰ | 15-20 ਇੰਚ ਲੰਬੀ |
| ਹਰੀ ਟੇਪ ਜਾਂ ਗੁੱਡੀ ਕਾਗਜ਼ | ਲੋੜ ਅਨੁਸਾਰ |

ਵਿਧੀ

- ਸਭ ਤੋਂ ਪਹਿਲਾਂ ਕੱਪੜੇ ਨੂੰ ਡੇਢ ਇੰਚ x ਡੇਢ ਇੰਚ (ਪੰਜ ਪੱਤੀਆਂ) ਅਤੇ 2x2 ਇੰਚ (ਚਾਰ ਪੱਤੀਆਂ ) ਦੇ ਨਾਪ ਵਿਚ ਕੱਟ ਲਵੋ। ਇਨ੍ਹਾਂ ਪੱਤੀਆਂ ਨੂੰ ਫਿਰ (ਚਿੱਤਰ 21 ੳ ਵਿਚ) ਦਸੇ ਅਨੁਸਾਰ ਮੋੜੋ ।
- ਪੱਤੀਆਂ ਦੇ ਕੋਨਿਆਂ ਨੂੰ ਹਲਕੀ ਗੋਲਾਈ ਦੇ ਦਿਉ ।
- ਤਾਰ ਦੇ ਸਿਰੇ ਤੇ ਕੁੰਡੀ ਬਣਾਉ ਇਸ ਤਰ੍ਹਾਂ ਕਰਨ ਨਾਲ ਫੁੱਲ ਆਪਣੀ ਜਗ੍ਹਾ ਤੇ ਟਿਕਿਆ ਰਹਿੰਦਾ ਹੈ ।
- ਪਹਿਲਾਂ ਛੋਟੀਆਂ ਪੱਤੀਆਂ ਨੂੰ ਲਗਾਵੋ ਅਤੇ ਬਾਅਦ ਵਿਚ ਵੱਡੀਆਂ ਪੱਤੀਆਂ ਨੂੰ ਧਾਗੇ ਨਾਲ ਚੰਗੀ ਤਰ੍ਹਾਂ ਬੰਨ੍ਹ ਦਿਉ। ਧਿਆਨ ਰੱਖੋ ਕਿ ਪੱਤੀਆਂ ਦਾ ਗੋਲ ਕੀਤਾ ਪਾਸਾ ਬਾਹਰ ਵੱਲ ਹੋਵੇ। (ਚਿੱਤਰ 21 ਅ)
- ਤਾਰ ਨੂੰ ਹਰੀ ਟੇਪ ਨਾਲ ਲਪੇਟ ਦਿਉ। ਛੋਟੇ ਵੱਡੇ ਫੁੱਲ ਬਨਾਉਣ ਲਈ ਪੱਤੀਆਂ ਘੱਟ ਵੱਧ ਕੀਤੀਆਂ ਜਾ ਸਕਦੀਆਂ ਹਨ ।



(ੳ) (ਅ) (ੲ)

ਚਿੱਤਰ 21

ਅਧਿਆਇ-7

# ਪਲਾਸਟਰ ਆਫ ਪੈਰਿਸ ਦੀ ਸਜਾਵਟੀ ਵਸਤਾਂ ਲਈ ਵਰਤੋਂ

7.0 ਥੋੜ੍ਹੀ ਜਿਹੀ ਮਿਹਨਤ ਅਤੇ ਹੁਨਰ ਸਦਕਾ ਪਲਾਸਟਰ ਆਫ ਪੈਰਿਸ ਨਾਲ ਵਧੀਆ ਸਜਾਵਟੀ ਸਮਾਨ ਬਣਾਇਆ ਜਾ ਸਕਦਾ ਹੈ। ਇਹ ਪੇਂਟ ਵਾਲੀਆਂ ਅਤੇ ਦਵਾਈਆਂ ਵਾਲੀਆਂ ਦੁਕਾਨਾਂ ਤੋਂ ਆਸਾਨੀ ਨਾਲ ਮਿਲ ਜਾਂਦਾ ਹੈ ਅਤੇ ਜ਼ਿਆਦਾ ਮਹਿੰਗਾ ਵੀ ਨਹੀਂ ਹੁੰਦਾ। ਇਸ ਨਾਲ ਮੂਰਤੀਆਂ, ਤਸਵੀਰਾਂ ਅਤੇ ਫੁੱਲਦਾਨ ਵਗੈਰਾ ਬਣਾਏ ਜਾ ਸਕਦੇ ਹਨ (ਚਿਤਰ 22) ।

**7.1 ਲੋੜੀਂਦੀ ਸਮੱਗਰੀ**

ਪਲਾਸਟਰ ਆਫ ਪੈਰਿਸ — ਪਲਾਸਟਿਕ ਦੇ ਮੋਲਡ


ਚੀਕਨੀ ਮਿੱਟੀ — ਗੱਤੇ ਦੇ ਟੁਕੜੇ


ਚਾਕੂ, ਇਨੈਮਲ ਪੇਂਟ, ਪੁਰਾਣਾ ਦੰਦਾਂ ਵਾਲਾ ਬੁਰਸ਼

7.2 ਪਲਾਸਟਰ ਆਫ ਪੈਰਿਸ ਨਾਲ ਚੀਜ਼ਾਂ ਦੋ ਢੰਗਾਂ ਨਾਲ ਬਣਾਈਆਂ ਜਾ ਸਕਦੀਆਂ ਹਨ:

7.2 (ੳ) ਮੋਲਡ ਵਿਚ ਪਲਾਸਟਿਕ ਦਾ ਘੋਲ ਭਰ ਕੇ

(ਅ) ਚੀਕਣੀ ਮਿੱਟੀ ਵਿਚ ਆਪ ਸਾਂਚਾ ਬਣਾ ਕੇ





ਚਿਤਰ 22

**ਪਲਾਸਟਰ ਆਫ ਪੈਰਿਸ ਤੋਂ ਬਣੀਆਂ ਸਜਾਵਟੀ ਵਸਤਾਂ**

### 7.2. (ੳ) ਮੋਲਡ ਵਿਚ ਪਲਾਸਟਰ ਦਾ ਘੋਲ ਭਰ ਕੇ

ਇਸ ਕਿਰਿਆ ਵਿਚ ਪਲਾਸਟਰ ਆਫ ਪੈਰਿਸ ਦੇ ਘੋਲ ਨੂੰ ਪਲਾਸਟਿਕ ਦੇ ਮੋਲਡ ਵਿਚ ਪਾਇਆ ਜਾਂਦਾ ਹੈ ਤੇ ਸੁੱਕਣ ਤੋਂ ਬਾਅਦ ਮੋਲਡ ਵਿਚੋਂ ਚੀਜ਼ ਨੂੰ ਕੱਢ ਲਿਆ ਜਾਂਦਾ ਹੈ। ਧਿਆਨ ਰਹੇ ਕਿ ਘੋਲ ਨਾ ਜ਼ਿਆਦਾ ਪਤਲਾ ਹੋਵੇ ਅਤੇ ਨਾ ਹੀ ਜ਼ਿਆਦਾ ਗਾੜ੍ਹਾ ਹੋਵੇ ਕਿਉਂਕਿ ਜ਼ਿਆਦਾ ਪਤਲਾ ਘੋਲ ਜਲਦੀ ਸੁੱਕਦਾ ਨਹੀਂ ਅਤੇ ਪਤਲੇ ਘੋਲ ਤੋਂ ਬਣੀਆਂ ਚੀਜ਼ਾਂ ਮਜ਼ਬੂਤ ਵੀ ਨਹੀਂ ਹੁੰਦੀਆਂ। ਜ਼ਿਆਦਾ ਗਾੜ੍ਹਾ ਘੋਲ ਸਾਰੇ ਹਿੱਸਿਆਂ ਵਿਚ ਚੰਗੀ ਤਰ੍ਹਾਂ ਨਹੀਂ ਪਹੁੰਚਦਾ ਅਤੇ ਛੇਤੀ ਕਰੈਕ ਹੋ ਜਾਂਦਾ ਹੈ। ਬਣੇ ਬਣਾਏ ਪਲਾਸਟਿਕ ਦੇ ਮੋਲਡ ਜਿਵੇਂ ਕਿ ਪਤਲੇ ਅਤੇ ਸਸਤੇ ਪਲਾਸਟਿਕ ਦੀਆਂ ਗੁੱਡੀਆਂ, ਮੂਰਤੀਆਂ ਬਾਜ਼ਾਰ ਵਿਚ ਮਿਲ ਜਾਂਦੀਆਂ ਹਨ। ਇਨ੍ਹਾਂ ਦੇ ਹੇਠਲੇ ਹਿੱਸੇ ਨੂੰ ਥੋੜ੍ਹਾ ਜਿਹਾ ਕੱਟ ਲਉ ਤਾਂ ਕਿ ਉਥੋਂ ਪਲਾਸਟਰ ਦਾ ਘੋਲ ਭਰਿਆ ਜਾ ਸਕੇ। ਫੇਰ ਉੱਪਰ ਲਿਖੇ ਤਰੀਕੇ ਨਾਲ ਪਲਾਸਟਰ ਦਾ ਘੋਲ ਤਿਆਰ ਕਰ ਲਵੋ ਅਤੇ ਇਸ ਘੋਲ ਨੂੰ ਸਾਂਚੇ ਵਿਚ ਭਰ ਲਉ ਅਤੇ ਇਸ ਨੂੰ ਸੁੱਕਣ ਲਈ ਰੱਖ ਦਿਉ। 15-20 ਮਿੰਟਾਂ ਬਾਅਦ ਉਪਰਲੇ ਸਾਂਚੇ ਨੂੰ ਕੱਟ ਕੇ ਉਤਾਰ ਦਿਉ ਅਤੇ ਤਿਆਰ ਹੋਈ ਮੂਰਤੀ ਨੂੰ ਸੁੱਕਣ ਲਈ ਰੱਖ ਦਿਉ। ਮੂਰਤੀ ਸੁੱਕਣ ਤੋਂ ਬਾਅਦ ਆਪਣੀ ਮਨਮਰਜ਼ੀ ਦੇ ਇਨੈਮਲ ਰੰਗਾਂ ਨਾਲ ਪੇਂਟ ਕਰ ਲਵੋ ।

### 7.2. (ਅ) ਚੀਕਨੀ ਮਿੱਟੀ ਵਿਚ ਆਪ ਸਾਂਚਾ ਬਣਾ ਕੇ

ਜੇਕਰ ਮੋਲਡ ਨਾ ਹੋਵੇ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ ਕਿਉਂਕਿ ਚੀਕਨੀ ਮਿੱਟੀ ਨੂੰ ਚੰਗੀ ਤਰ੍ਹਾਂ ਗੁੰਨ੍ਹ ਕੇ ਉਸ ਵਿਚ ਸਾਂਚਾ ਆਪ ਬਣਾਇਆ ਜਾ ਸਕਦਾ ਹੈ। ਇਸ ਲਈ ਪਹਿਲਾਂ ਚੀਕਨੀ ਮਿੱਟੀ ਵਿਚ ਪਾਣੀ ਪਾ ਕੇ ਇਕਸਾਰ ਪੂੜੀਆਂ ਦੇ ਆਟੇ ਵਰਗਾ ਗੁੰਨ੍ਹ ਲਵੋ। ਫਿਰ ਜਿਹੜੀ ਮੂਰਤੀ ਜਾਂ ਤਸਵੀਰ ਬਣਾਉਣੀ ਹੋਵੇ ਉਸ ਨੂੰ ਮਿੱਟੀ ਵਿਚ ਦਬਾ ਦਿਉ। ਇਸ ਤਰ੍ਹਾਂ ਮਿੱਟੀ ਉੱਤੇ ਡਿਜ਼ਾਈਨ ਛਪ ਜਾਵੇਗਾ । ਇਸ ਡਿਜ਼ਾਈਨ ਦੀਆਂ ਕਤਾਰਾਂ ਉੱਤੇ ਗੱਤੇ ਦੇ ਟੁਕੜੇ ਜੋ ਕਿ ਤਕਰੀਬਨ ਡੇਢ ਇੰਚ ਚੌੜੇ ਹੋਣ ਦਬਾ ਦਿਉ। ਫਿਰ ਪਲਾਸਟਰ ਆਫ ਪੈਰਿਸ ਦੇ ਘੋਲ ਨੂੰ ਡਿਜ਼ਾਈਨ ਵਿਚ ਭਰ ਦਿਉ। ਸੁੱਕਣ ਤੋਂ ਮਗਰੋਂ ਚੀਜ਼ ਨੂੰ ਮਿੱਟੀ ਵਿਚੋਂ ਕੱਢ ਕੇ ਗੱਤੇ ਹਟਾ ਦਿਉ ਅਤੇ ਡਿਜ਼ਾਈਨ ਤੋਂ ਵਾਧੂ ਪਲਾਸਟਰ ਆਫ ਪੈਰਿਸ ਨੂੰ ਚਾਕੂ ਨਾਲ ਖ਼ੁਰਚ ਦਿਉ। ਬਰੀਕ ਡਿਜ਼ਾਈਨ ਵਿਚੋਂ ਮਿੱਟੀ ਬੁਰਸ਼ ਨਾਲ ਸਾਫ ਕਰੋ। ਆਪਣੀ ਮਰਜ਼ੀ ਦੇ ਰੰਗ ਨਾਲ ਰੰਗ ਕਰ ਲਵੋ।

ਅਧਿਆਇ-8

# ਸਜਾਵਟੀ ਮੋਮਬੱਤੀਆਂ



8.0 ਮੋਮਬੱਤੀਆਂ ਬਨਾਉਣਾ ਇਕ ਪ੍ਰਾਚੀਨ ਕਲਾ ਹੈ। ਅੱਜਕੱਲ੍ਹ ਤਾਂ ਕਈ ਰੰਗਾਂ ਅਤੇ ਡਿਜ਼ਾਈਨਾਂ ਵਾਲੀਆਂ ਮੋਮਬੱਤੀਆਂ ਮਾਰਕੀਟ ਵਿਚ ਉਪਲਬਧ ਹਨ ਜੋ ਨਾ ਕੇਵਲ ਹਨੇਰੇ ਘਰ ਨੂੰ ਰੁਸ਼ਨਾਉਂਦੀਆਂ ਹਨ ਸਗੋਂ ਘਰ ਦੀ ਸਜਾਵਟ ਨੂੰ ਵੀ ਚਾਰ ਚੰਨ ਲਗਾ ਦੇਂਦੀਆਂ ਹਨ। ਇਹ ਮੋਮਬੱਤੀਆਂ ਬਾਜ਼ਾਰ ਵਿਚ ਬੜੀਆਂ ਮਹਿੰਗੀਆਂ ਮਿਲਦੀਆਂ ਹਨ। ਥੋੜ੍ਹੀ ਜਿਹੀ ਮਿਹਨਤ ਅਤੇ ਸੂਝ ਨਾਲ ਕਈ ਤਰ੍ਹਾਂ ਦੀਆਂ ਸਜਾਵਟੀ ਮੋਮਬੱਤੀਆਂ ਅਸੀਂ ਘਰ ਵਿਚ ਹੀ ਸਸਤੀਆਂ ਤਿਆਰ ਕਰ ਸਕਦੇ ਹਾਂ।

## 8.1 ਸੁਹਣੀਆਂ ਮੋਮਬੱਤੀਆਂ ਬਨਾਉਣ ਲਈ ਸਮੱਗਰੀ

| | |
|---|---|
| ਚਿੱਟੀ ਮੋਮ (ਪੈਰਾਫਿਨ ਮੋਮ) | ਮੋਮੀ ਰੰਗ |
| ਪਾਣੀ ਗਰਮ ਕਰਨ ਵਾਲਾ ਪੁਰਾਣਾ ਪਤੀਲਾ | ਸਾਂਚੇ |
| ਫੁੱਲਾਂ ਦੀ ਸੁਗੰਧ ਵਾਲਾ ਇਤਰ | ਬੱਤੀਆਂ |

## 8.2 ਮੋਮਬੱਤੀਆਂ ਬਨਾਉਣ ਲਈ ਖਾਸ ਨੁਕਤੇ

- ਹਮੇਸ਼ਾਂ ਹਲਕੀ ਅੱਗ ਤੇ ਮੋਮ ਪਿਘਲਣੀ ਰੱਖੋ ਕਿਉਂਕਿ ਤੇਜ਼ ਸੇਕ ਤੇ ਅੱਗ ਲੱਗਣ ਦਾ ਖ਼ਤਰਾ ਰਹਿੰਦਾ ਹੈ ।

- ਕੰਮ ਕਰਨ ਵਾਲੀ ਸ਼ੈਲਫ ਜਾਂ ਫਰਸ਼ ਉਤੇ ਅਖ਼ਬਾਰਾਂ ਵਿਛਾ ਦਿਉ ਤਾਂ ਕਿ ਮੋਮ ਦੇ ਤੁਪਕੇ ਡੁੱਲ੍ਹਣ ਨਾਲ ਜਗ੍ਹਾ ਖ਼ਰਾਬ ਨਾ ਹੋਵੇ ।
- ਸਾਂਚੇ ਵਿਚ ਮੋਮ ਪਾਉਣ ਵੇਲੇ ਹੀ ਇਤਰ ਤੇ ਪਿਘਲੀ ਹੋਈ ਮੋਮ ਰਲਾਉ ਤਾਂ ਕਿ ਮੋਮਬੱਤੀ ਵਿਚ ਵਧੇਰੇ ਖੁਸ਼ਬੂ ਰਹੇ ।
- ਸਾਂਚੇ ਵਿਚ ਪਿਘਲੀ ਹੋਈ ਮੋਮ ਪਾਉਣ ਤੋਂ ਪਹਿਲਾਂ ਸਾਂਚੇ ਨੂੰ ਅੰਦਰੋ ਚੰਗੀ ਤਰ੍ਹਾਂ ਅਰਿੰਡੀ ਜਾਂ ਨਾਰੀਅਲ ਤੇਲ ਲਗਾ ਦਿਉ ਤਾਂ ਕਿ ਸੁੱਕਣ ਤੋਂ ਬਾਅਦ ਮੋਮਬੱਤੀ ਸਾਂਚੇ ਵਿਚੋਂ ਆਸਾਨੀ ਨਾਲ ਕੱਢੀ ਜਾ ਸਕੇ ਅਤੇ ਟੁੱਟਣ ਤੋਂ ਬਚਾਅ ਰਹੇ ।

## 8.3 ਵੱਖ ਵੱਖ ਮੋਮਬੱਤੀਆਂ ਤਿਆਰ ਕਰਨ ਦਾ ਤਰੀਕਾ

### 8.3.1 ਤਰੇੜਾਂ ਵਰਗੇ ਡਿਜ਼ਾਈਨ ਦੀਆਂ ਮੋਮਬੱਤੀਆਂ

8.3.1 (ੳ) **ਲੋੜੀਂਦਾ ਸਮਾਨ:** ਮੋਮ, ਸਾਂਚਾ (ਕੋਈ ਵੀ ਐਲੂਮੀਨੀਅਮ ਜਾਂ ਸਟੀਲ ਦਾ ਪੁਰਾਣਾ ਪਤਲਾ ਗਲਾਸ ਜਾਂ ਗਲਾਸ ਦੇ ਆਕਾਰ ਦਾ ਡੱਬਾ ਆਦਿ), ਬੱਤੀ, ਨਾਰੀਅਲ ਦਾ ਤੇਲ ।

### 8.3.1 ਵਿਧੀ

- ਪਹਿਲਾਂ ਸਾਂਚੇ ਨੂੰ ਚੰਗੀ ਤਰ੍ਹਾਂ ਸਾਫ਼ ਕਰ ਕੇ ਉਸਦੇ ਅੰਦਰ ਚਾਰੋਂ ਪਾਸੇ ਤੇਲ ਲਗਾ ਦਿਉ।
- ਮੋਮ ਹਲਕੀ ਅੱਗ ਤੇ ਪੂਰੀ ਤਰ੍ਹਾਂ ਪਿਘਲਾ ਲਉ ।
- ਸਾਂਚੇ ਦੇ ਵਿਚਕਾਰ ਬੱਤੀ ਨੂੰ ਕਿਸੇ ਤੀਲ੍ਹੇ ਆਦਿ ਨਾਲ ਬੰਨ੍ਹ ਕੇ ਸਥਿਰ ਕਰ ਲਵੋ।
- ਫਿਰ ਡਿਜ਼ਾਈਨ ਬਨਾਉਣ ਲਈ ਸਾਂਚੇ ਦੇ ਇਕ ਚੌਥਾਈ ਹਿੱਸੇ ਤੱਕ ਪਿਘਲੀ ਹੋਈ ਮੋਮ ਭਰ ਦਿਉ। ਇਸ ਨੂੰ ਇਕ ਘੰਟੇ ਤੱਕ ਪਿਆ ਰਹਿਣ ਦਿਉ। ਫੇਰ ਓਨੀ ਹੀ ਪਿਘਲੀ ਹੋਈ ਮੋਮ ਦੋਬਾਰਾ ਸਾਂਚੇ ਵਿਚ ਭਰ ਦਿਉ। ਉਪਰ ਲਿਖੀ ਕ੍ਰਿਆ ਦੋ ਵਾਰ ਹੋਰ ਦੁਹਰਾ ਕੇ ਸਾਂਚੇ ਨੂੰ ਉਪਰ ਤੱਕ ਭਰ ਲਉ। ਫੇਰ ਮੋਮਬੱਤੀ ਸੁੱਕਣ ਲਈ ਤਕਰੀਬਨ 8 ਘੰਟੇ ਲਈ ਰੱਖ ਦਿਉ।
- ਠੰਡਾ ਹੋਣ ਮਗਰੋਂ ਮੋਮਬੱਤੀ ਨੂੰ ਸਾਂਚੇ ਵਿਚੋ ਕੱਢ ਲਉ। ਮੋਮਬੱਤੀਆਂ ਦੇ ਬਾਹਰਲੇ ਪਾਸੇ ਤ੍ਰੇੜਾਂ ਵਾਲਾ ਡਿਜ਼ਾਈਨ ਬਣ ਜਾਵੇਗਾ। ਅਜਿਹੇ ਡਿਜ਼ਾਈਨ ਵਾਲੀਆਂ ਮੋਮਬੱਤੀਆਂ 2 ਜਾਂ ਵੱਧ ਰੰਗਾਂ ਵਿਚ ਵੀ ਬਣਾਈਆਂ ਜਾ ਸਕਦੀਆਂ ਹਨ ।

### 8.3.2. ਬਰਫ਼ ਦੇ ਟੁਕੜਿਆਂ ਨਾਲ ਬਣੀਆਂ ਮੋਮਬੱਤੀਆਂ

ਬਰਫ਼ ਦੀ ਵਰਤੋਂ ਨਾਲ ਮੋਮਬੱਤੀ ਬਨਾਉਣ ਲਈ ਪਹਿਲਾਂ ਕੋਈ ਗਲਾਸ ਵਰਗਾ ਸਾਂਚਾ ਲਵੋ। ਸਾਂਚੇ ਦੇ ਅੰਦਰ ਤੇਲ ਲਗਾ ਕੇ, ਉਸ ਦੇ ਵਿਚਕਾਰ ਬਣੀ ਬਣਾਈ ਚਿੱਟੀ ਮੋਮਬੱਤੀ ਰੱਖ ਲਉ ਤਾਂ ਕਿ ਉਸਦੇ ਆਲੇ ਦੁਆਲੇ ਬਰਫ਼ ਦੇ ਟੁਕੜਿਆਂ ਨੂੰ ਟਿਕਾਇਆ ਜਾ ਸਕੇ। ਫੇਰ ਬਰਫ ਦੇ ਛੋਟੇ ਛੋਟੇ ਟੁਕੜੇ ਕਰ ਕੇ ਸਾਂਚੇ ਵਿਚ ਭਰ

ਦਿਉ। ਇਸ ਤੋਂ ਬਾਅਦ ਪਿਘਲੀ ਹੋਈ ਮੋਮ ਨੂੰ ਸਾਂਚੇ ਵਿਚ ਉਪਰ ਤੱਕ ਭਰ ਕੇ 10-15 ਮਿੰਟਾਂ ਤੱਕ ਠੰਡਾ ਹੋਣ ਦਿਉ। ਜਦੋਂ ਉਪਰਲੀ ਸਤ੍ਹਾ ਤੇ ਮੋਮ ਦੀ ਪੇਪੜੀ ਜੰਮੀ ਹੋਈ ਨਜ਼ਰ ਆਵੇ ਤਾਂ ਮੋਮਬੱਤੀ ਸਾਂਚੇ ਵਿਚੋਂ ਬਾਹਰ ਕੱਢ ਲਵੋ। ਬੜੇ ਸੁਹਣੇ ਜਾਲੀ ਵਰਗੇ ਡਿਜ਼ਾਈਨ ਦੀ ਮੋਮਬੱਤੀ ਤਿਆਰ ਹੈ ।

8.3.3. ਉਪਰੋਕਤ ਢੰਗਾਂ ਤੋਂ ਇਲਾਵਾ ਵੱਖ-ਵੱਖ ਡਿਜ਼ਾਈਨਾਂ ਦੀਆਂ ਮੋਮਬੱਤੀਆਂ ਵੀ ਬਣਾਈਆਂ ਜਾ ਸਕਦੀਆਂ ਹਨ। ਇਨ੍ਹਾਂ ਨੂੰ ਬਨਾਉਣ ਲਈ ਵੱਖ-ਵੱਖ ਡਿਜ਼ਾਈਨਾਂ ਅਤੇ ਆਕਾਰਾਂ ਦੇ ਸਾਂਚੇ ਬਾਜ਼ਾਰ ਵਿਚੋਂ ਸਸਤੇ ਅਤੇ ਆਮ ਮਿਲ ਜਾਂਦੇ ਹਨ। ਇਨ੍ਹਾਂ ਸਾਂਚਿਆਂ ਵਿਚ ਮੋਮ ਭਰ ਕੇ ਆਪਣੀ ਪਸੰਦ ਦੀਆਂ ਮੋਮਬੱਤੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਨੂੰ ਵਧੇਰੇ ਸੁਹਣਾ ਬਨਾਉਣ ਲਈ ਚਮਕੀਲੀ, ਰਿਬਨ ਅਤੇ ਮੋਤੀ ਆਦਿ ਵਰਤੇ ਜਾ ਸਕਦੇ ਹਨ ।

ਅਧਿਆਇ-9

# ਸੁੰਦਰ ਅਤੇ ਆਕਰਸ਼ਕ ਫੁੱਲਦਾਨ

9.0 ਸਜਾਵਟੀ ਫੁੱਲਦਾਨ ਬਣਾਉਣ ਲਈ ਅਸੀਂ ਬਾਜ਼ਾਰ ਤੋਂ ਆਪਣੀ ਪਸੰਦ ਅਨੁਸਾਰ ਮਿੱਟੀ ਦੇ ਫੁੱਲਦਾਨ ਜਾਂ ਛੋਟੇ ਵੱਡੇ ਆਕਾਰ ਦੇ ਘੜੇ ਖ਼ਰੀਦ ਸਕਦੇ ਹਾਂ ਜਿਨ੍ਹਾਂ ਨੂੰ ਵੱਖ ਵੱਖ ਢੰਗ ਨਾਲ ਸਜਾ ਕੇ ਘਰ ਦੀ ਰੌਣਕ ਵਿਚ ਵਾਧਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੇ ਸਮਾਨ ਨਾਲ ਜਿੱਥੇ ਸਾਨੂੰ ਆਪਣੀ ਕਲਾ ਪ੍ਰਗਟਾਉਣ ਦਾ ਮੌਕਾ ਮਿਲਦਾ ਹੈ ਉਥੇ ਸਾਨੂੰ ਪੈਸੇ ਦੀ ਬੱਚਤ ਨਾਲ ਕਈ ਗੁਣਾ ਜ਼ਿਆਦਾ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ ।

## 9.1 ਲੋੜੀਂਦਾ ਸਮਾਨ

ਮਿੱਟੀ ਦੇ ਫੁੱਲਦਾਨ, ਇਨੈਮਲ ਰੰਗ, ਬੁਰਸ਼, ਵਾਰਨਿਸ਼, ਪਰਾਈਮਰ, ਰੇਗਮਾਰ, ਚਿਪਕਾਉਣ ਵਾਲਾ ਪਦਾਰਥ(ਫੈਵੀਕੋਲ), ਸਜਾਵਟੀ ਸਮਾਨ ਜਿਵੇਂ ਸ਼ੀਸ਼ੇ, ਮੋਤੀ, ਟੁੱਟੀਆਂ ਚੂੜੀਆਂ, ਮੂੰਗਫਲੀ ਜਾਂ ਕਾਜੂ ਦੇ ਛਿਲਕੇ, ਚੀਕਨੀ ਮਿੱਟੀ, ਡੋਰੀਆ, ਸੁੱਕੇ ਫੁੱਲ ਜਾਂ ਟਹਿਣੀਆਂ।

(ੳ)   (ਅ)

(ਚਿੱਤਰ 23)

## 9.2 ਵਿਧੀ

ਸਭ ਤੋਂ ਪਹਿਲਾਂ ਪਸੰਦ ਅਨੁਸਾਰ ਫੁੱਲਦਾਨ ਦੀ ਚੋਣ ਕਰ ਲਵੋ। ਰੇਗਮਾਰ ਦੀ ਮਦਦ ਨਾਲ ਇਸ ਨੂੰ ਚੰਗੀ ਤਰ੍ਹਾਂ ਸਾਫ ਕਰੋ ਜਿਸ ਨਾਲ ਇਹ ਇਕਸਾਰ ਜਾਂ ਮੁਲਾਇਮ ਹੋ ਜਾਵੇ ਫਿਰ ਬੁਰਸ਼ ਨਾਲ ਇਸ ਉਪਰ ਪਰਾਇਮਰ ਦਾ ਲੇਪ ਕਰ ਦਿਉ ਅਤੇ 1-2 ਦਿਨ ਵਾਸਤੇ ਸੁੱਕਣ ਲਈ ਰੱਖ ਦਿਉ। ਇਸ ਤੋਂ ਬਾਅਦ ਇਸ ਉੱਪਰ ਆਪਣੀ ਮਨਪਸੰਦ ਦਾ ਰੰਗ ਕਰ ਸਕਦੇ ਹਾਂ। ਪੇਂਟ ਸੁੱਕਣ ਤੋਂ ਬਾਅਦ ਫੁੱਲਦਾਨ

ਉਪਰ ਦੀ ਸਜਾਵਟ ਲਈ ਤਿਆਰ ਹੈ। ਸੋਚੇ ਹੋਏ ਡਿਜ਼ਾਈਨ ਦੇ ਮੁਤਾਬਿਕ ਇਸ ਉਪਰ ਮੂੰਗਫਲੀ ਜਾਂ ਕਾਜੂ ਦੇ ਛਿਲਕੇ ਚਿਪਕਾ ਸਕਦੇ ਹਾਂ। ਇਸ ਤੋਂ ਇਲਾਵਾ ਚਿਤਰ 23 ੳ ਅਨੁਸਾਰ ਪਲਾਸਟਰ ਆਫ ਪੈਰਿਸ ਜਾਂ ਚੀਕਨੀ ਮਿੱਟੀ ਦੇ ਫੁੱਲ ਬਣਾਏ ਜਾ ਸਕਦੇ ਹਨ, ਪੁਰਾਣੇ ਗਰੀਟਿੰਗ ਕਾਰਡਾਂ ਦੇ ਉੱਪਰ ਬਣੇ ਡਿਜ਼ਾਈਨਾਂ ਨੂੰ ਕੱਟ ਕੇ ਇਸ ਉਪਰ ਚਿਪਕਾਇਆ ਜਾ ਸਕਦਾ ਹੈ ਜਾਂ ਡੋਰੀ ਨੂੰ ਲਪੇਟ ਕੇ ਡਿਜ਼ਾਈਨ ਤਿਆਰ ਹੋ ਸਕਦਾ ਹੈ। ਇਸ ਤਰ੍ਹਾਂ ਵੱਖ-ਵੱਖ ਤਰ੍ਹਾਂ ਦਾ ਸਮਾਨ ਵਰਤ ਕੇ ਆਪਣੀ ਕਲਪਨਾ ਨੂੰ ਸਾਕਾਰ ਕਰ ਸਕਦੇ ਹਾਂ। ਫੁੱਲਦਾਨ ਦੇ ਪੂਰੀ ਤਰ੍ਹਾਂ ਸੁੱਕਣ ਤੇ ਇਸ ਉਪਰ ਵਾਰਨਿਸ਼ ਦਾ ਕੋਟ ਕਰ ਸਕਦੇ ਹਾਂ ਜਿਸ ਨਾਲ ਚਮਕ ਲਿਆਂਦੀ ਜਾ ਸਕੇ ਤੇ ਧੂੜ ਮਿੱਟੀ ਨਾਲ ਜਲਦੀ ਖ਼ਰਾਬ ਹੋਣ ਤੋਂ ਬਚਾਇਆ ਜਾ ਸਕੇ ।

## ਅਧਿਆਇ-10
# ਪੱਥਰ ਤੋਂ ਸਜਾਵਟੀ ਮੂਰਤੀਆਂ

10.0 ਸਜਾਵਟੀ ਮੂਰਤੀਆਂ ਤਿਆਰ ਕਰਨ ਲਈ ਇਹ ਬਹੁਤ ਹੀ ਆਸਾਨ ਅਤੇ ਆਕਰਸ਼ਕ ਵਿਧੀ ਹੈ । ਇਸ ਲਈ ਜ਼ਿਆਦਾ ਸਮਾਨ ਦੀ ਲੋੜ ਵੀ ਨਹੀਂ ਪੈਂਦੀ ਅਤੇ ਥੋੜ੍ਹੀ ਜਿਹੀ ਕਲਪਨਾ ਸ਼ਕਤੀ ਰਾਹੀਂ ਸਸਤੀਆਂ ਤੇ ਸੁੰਦਰ ਮੂਰਤੀਆਂ ਘਰ ਵਿੱਚ ਹੀ ਤਿਆਰ ਕੀਤੀਆਂ ਜਾ ਸਕਦੀਆਂ ਹਨ । ਇਸ ਲਈ ਜ਼ਰੂਰੀ ਸਮਾਨ ਹੇਠ ਲਿਖਿਆ ਹੈ :

| | |
|---|---|
| ਪਲਾਸਟਰ ਆਫ਼ ਪੈਰਿਸ | 1 ਪੈਕਟ |
| ਪੁਰਾਣੇ ਅਖ਼ਬਾਰ | 4-5 |
| ਕਾਲਾ ਪੇਂਟ | 50 ਗ੍ਰਾਮ |
| ਗੋਲਡਨ ਡਸਟ | 20 ਗ੍ਰਾਮ |
| ਛੋਟਾ ਪੱਥਰ ਜਾਂ ਇੱਟ | 1 |
| ਮਿੱਟੀ ਦੀ ਮੂਰਤੀ | 1 |

### 10.1 ਬਣਾਉਣ ਦਾ ਤਰੀਕਾ :

ਸਭ ਤੋਂ ਪਹਿਲਾਂ ਕੋਈ ਛੋਟਾ ਪੱਥਰ ਜਾਂ ਇੱਟ ਲਵੋ ਅਤੇ ਵੇਖੋ ਕਿ ਉਸ ਨੂੰ ਸਮਤਲ ਜਗ੍ਹਾ ਤੇ ਅਸਾਨੀ ਨਾਲ ਟਿਕਾਇਆ ਜਾ ਸਕੇ । ਇਸ ਦਾ ਆਕਾਰ ਉੱਪਰ ਲਗਾਉਣ ਵਾਲੀ ਮੂਰਤੀ ਦੇ ਮੁਤਾਬਕ ਹੋਣਾ ਚਾਹੀਦਾ ਹੈ । ਇਸ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲਵੋ, ਫਿਰ ਪਲਾਸਟਰ ਆਫ਼ ਪੈਰਿਸ ਨੂੰ ਪਾਣੀ ਵਿੱਚ ਘੋਲੋ । ਇਹ ਜ਼ਿਆਦਾ ਗਾੜ੍ਹਾ ਨਹੀਂ ਹੋਣਾ ਚਾਹੀਦਾ, ਇਸ ਵਿੱਚ ਅਖ਼ਬਾਰ ਦੇ ਛੋਟੇ-ਛੋਟੇ ਟੁਕੜੇ ਕਰਕੇ ਭਿਉਂ ਦਿਉ, ਇਨ੍ਹਾਂ ਟੁਕੜਿਆਂ ਨੂੰ ਪੱਥਰ ਦੇ ਚਾਰੇ ਪਾਸੇ ਚਿਪਕਾਉਣਾ ਸ਼ੁਰੂ ਕਰੋ, ਚਿਪਕਾਉਣ ਵੇਲੇ ਧਿਆਨ ਰੱਖੋ ਕਿ ਪੱਧਰ ਦਾ ਹੇਠਲਾ ਹਿੱਸਾ ਉੱਪਰ ਨਾਲੋਂ ਵੇਖਣ ਵਿੱਚ ਭਾਰੀ ਲੱਗੇ । ਇਸ ਤੋਂ ਬਾਅਦ ਪੱਥਰ ਨੂੰ 2-3 ਘੰਟੇ ਸੁੱਕਣ ਦੇਵੋ, ਹੁਣ ਮੂਰਤੀ ਦੇ ਪਿਛਲੇ ਪਾਸੇ ਪਲਾਸਟਰ ਆਫ਼ ਪੈਰਿਸ ਲਗਾਓ ਤੇ ਪੱਥਰ ਦੇ ਸਾਹਮਣੇ ਹਿੱਸੇ ਤੇ ਚਿਪਕਾ ਦੇਵੋ । ਇਸ ਤੋਂ ਬਾਅਦ ਬੁਰਸ਼ ਦੀ ਮਦਦ ਨਾਲ ਚਾਰੇ ਪਾਸੇ ਕਾਲਾ ਪੇਂਟ ਕਰੋ ਤੇ ਫਿਰ ਗੋਲਡਨ ਡਸਟ ਛਿੜਕ ਕੇ ਮੂਰਤੀ ਨੂੰ ਚੰਗੀ ਤਰ੍ਹਾਂ ਉਭਾਰੋ । ਇਹ ਸਜਾਵਟੀ ਮੂਰਤੀਆਂ ਬਣਾਉਣ ਦਾ ਆਸਾਨ ਅਤੇ ਸਸਤਾ ਤਰੀਕਾ ਹੈ ਜਿਸ ਨਾਲ ਘਰ ਦੀ ਸਜਾਵਟ ਵਿੱਚ ਵਾਧਾ ਕੀਤਾ ਜਾ ਸਕਦਾ ਹੈ ।

# ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਪ੍ਰਕਾਸ਼ਨਾਵਾਂ

| ਲੜੀ ਨੰ. | ਪੁਸਤਕ ਦਾ ਨਾਮ | | ਕੀਮਤ ਪ੍ਰਤੀ ਕਾਪੀ |
|---|---|---|---|
| 1. | ਪੰਜਾਬ ਖੇਤੀਬਾੜੀ ਡਾਇਰੀ 2009 | .. | ..50.00 |
| 2. | ਮੁੱਖ ਫ਼ਸਲਾਂ ਦੀਆਂ ਖੇਤੀ ਸਮੱਸਿਆਵਾਂ | .. | ..175.00 |
| 3. | ਸਬਜ਼ੀਆਂ ਅਤੇ ਫ਼ਸਲਾਂ ਦੀਆਂ ਮੁੱਖ ਸਮੱਸਿਆਵਾਂ | .. | ..175.00 |
| 4. | ਪੰਜਾਬ ਦੀਆਂ ਫ਼ਸਲਾਂ ਦੀ ਕਾਸ਼ਤ ਬਾਰੇ ਸਿਫ਼ਾਰਸ਼ਾਂ ਸਾਉਣੀ | .. | ..30.00 |
| 5. | ਪੰਜਾਬ ਦੀਆਂ ਫ਼ਸਲਾਂ ਦੀ ਕਾਸ਼ਤ ਬਾਰੇ ਸਿਫ਼ਾਰਸ਼ਾਂ ਹਾੜ੍ਹੀ (2009-10) | .. | 50.00 |
| 6. | ਫ਼ਸਲ ਕੈਲੰਡਰ 2009-10 | .. | ..20.00 |
| 7. | ਸਬਜ਼ੀਆਂ ਦੀ ਕਾਸ਼ਤ ਬਾਰੇ ਸਿਫ਼ਾਰਸ਼ਾਂ | .. | ..30.00 |
| 8. | ਫ਼ਲਾਂ ਦੀ ਕਾਸ਼ਤ ਬਾਰੇ ਸਿਫ਼ਾਰਸ਼ਾਂ | .. | ..25.00 |
| 9. | ਨਾਸ਼ਪਾਤੀ ਦੀ ਕਾਸ਼ਤ | .. | ..10.00 |
| 10. | ਵਡਾਣਕ ਕਣਕ | .. | ..10.00 |
| 11. | ਬਾਸਮਤੀ ਦੀ ਮਹਿਕ | .. | ..08.00 |
| 12. | ਕੀੜੇਮਾਰ ਜ਼ਹਿਰਾਂ ਦੀ ਸੁਰੱਖਿਅਤ ਵਰਤੋਂ | .. | ..05.00 |
| 13. | ਸੂਰਜਮੁਖੀ ਦੀ ਕਾਸ਼ਤ | .. | ..10.00 |
| 14. | ਗਲੈਡੀਉਲਸ ਦੀ ਕਾਸ਼ਤ | .. | ..05.00 |
| 15. | ਗੇਂਦਾ | .. | ..05.00 |
| 16. | ਖੇਤੀ ਵਹੀ-ਖਾਤਾ | .. | ..15.00 |
| 17. | ਡੇਅਰੀ ਦਾ ਹਿਸਾਬ-ਕਿਤਾਬ ਰੱਖਣ ਲਈ ਵਹੀ-ਖਾਤਾ | .. | ..10.00 |
| 18. | ਪਾਲਤੂ ਕੁੱਤਿਆਂ ਦੀ ਦੇਖਭਾਲ ਅਤੇ ਬੀਮਾਰੀਆਂ | .. | ..15.00 |
| 19. | ਮੱਛੀ ਪਾਲਣਾ | .. | ..15.00 |
| 20. | ਸੂਰ ਪਾਲਣਾ | .. | ..15.00 |
| 21. | ਮੁਰਗੀਆਂ ਪਾਲਣਾ | .. | ..25.00 |
| 22. | ਖੁੰਬਾਂ ਦੀ ਕਾਸ਼ਤ | .., | ..15.00 |
| 23. | ਘਰੇਲੂ ਪੱਧਰ ਤੇ ਅਨਾਜ ਅਤੇ ਬੀਜ ਦੀ ਸੰਭਾਲ | .. | ..05.00 |
| 24. | ਟਿਊਬਵੈੱਲ ਅਤੇ ਪੰਪਾਂ ਬਾਰੇ ਕਿਸਾਨ ਗਾਈਡ | .. | ..15.00 |
| 25. | ਟਰੈਕਟਰ ਦੀ ਵਰਤੋਂ ਤੇ ਸੰਭਾਲ | .. | ..15.00 |
| 26. | ਡੀਜ਼ਲ ਇੰਜਣ ਦੀ ਮੁਰੰਮਤ ਤੇ ਸੰਭਾਲ | .. | ..05.00 |
| 27. | ਘਰ ਵਿੱਚ ਊਰਜਾ ਬਚਾਉਣ ਦੇ ਤਰੀਕੇ | .. | ..10.00 |
| 28. | ਸੁਚੱਜੀ ਰਸੋਈ | .. | ..10.00 |
| 29. | ਮਾਂ ਤੇ ਬੱਚੇ ਦੀ ਦੇਖਭਾਲ | .. | ..05.00 |
| 30. | ਘਰ ਵਿੱਚ ਫ਼ਲਾਂ ਅਤੇ ਸਬਜ਼ੀਆਂ ਦੀ ਸੰਭਾਲ | .. | ..20.00 |
| 31. | ਆਲੂਆਂ ਦਾ ਪਛੇਤਾ ਝੁਲਸ ਰੋਗ | .. | ..05.00 |
| 32. | ਖੇਤੀ ਜੰਗਲਾਤ ਲਈ ਸਿਫ਼ਾਰਸ਼ਾਂ | .. | ..10.00 |
| 33. | ਗਾਜਰਾਂ ਤੋਂ ਪੌਸ਼ਟਿਕ ਪਦਾਰਥ | .. | ..05.00 |
| 34. | ਪੰਜਾਬੀ ਸਭਿਆਚਾਰ : ਵਰਤਮਾਨ ਤੇ ਭਵਿੱਖ | .. | ..65.00 |
| 35. | ਦਾਲਾਂ ਦੀ ਕਾਸ਼ਤ | .. | ..25.00 |
| 36. | ਜਲ-ਪ੍ਰਦੂਸ਼ਣ | .. | ..10.00 |
| 37. | ਸਫ਼ਲ ਕਿਸਾਨ ਪੰਜਾਬ ਦੇ | .. | ..25.00 |
| 38. | ਬੇਰ | .. | ..10.00 |
| 39. | ਕਿੰਨੂ | .. | ..20.00 |
| 40. | ਅੰਗੂਰਾਂ ਦੀ ਕਾਸ਼ਤ | .. | ..10.00 |
| 41. | ਮਹਿੰਦਰ ਸਿੰਘ ਰੰਧਾਵਾ- ਨਵੇਂ ਪੰਜਾਬ ਦਾ ਸਿਰਜਣਹਾਰਾ | .. | ..60.00 |

ਪ੍ਰਕਾਸ਼ਨਾਵਾਂ ਬਾਰੇ ਜਾਣਕਾਰੀ ਅਤੇ ਅਦਾਇਗੀਆਂ ਹੇਠਾਂ ਦਰਸਾਏ ਪਤੇ ਤੇ ਭੇਜੀਆਂ ਜਾਣ :

**ਬਿਜਨਸ ਮੈਨੇਜਰ**

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ - 141004

ਫੋਨ ਨੰ. : 0161-2401960-79 ਐਕਸਟੈਂਸ਼ਨ (475)


ਨੋਟ : ਡਿਮਾਂਡ ਡਰਾਫਟ ਕੰਪਟਰੋਲਰ, ਪੀ ਏ ਯੂ, ਲੁਧਿਆਣਾ ਦੇ ਨਾਂ ਤੇ ਬਣਾਏ ਜਾਣ। ਮਨੀ ਆਰਡਰ ਬਿਜਨਸ ਮੈਨੇਜਰ ਦੇ ਨਾਂ ਤੇ ਹੀ ਹੋਣੇ ਚਾਹੀਦੇ ਹਨ।

ਇੰਡੀਅਨ ਪੋਸਟਲ ਆਰਡਰ ਅਤੇ ਬਾਹਰ ਦੇ ਚੈੱਕ ਸਵੀਕਾਰ ਨਹੀਂ ਕੀਤੇ ਜਾਂਦੇ

# ਚੰਗੀ ਖੇਤੀ ਅਤੇ ਪ੍ਰੋਗਰੈਸਿਵ ਫਾਰਮਿੰਗ

## ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮਾਸਿਕ ਪੱਤਰ




### ਚੰਗੀ ਖੇਤੀ ਦੇ ਚੰਦੇ

| | |
|---|---|
| ਇੱਕ ਕਾਪੀ | 15 ਰੁਪਏ/10ਯੂ ਐਸ ਡਾਲਰ |
| ਵਾਰਸ਼ਿਕ ਚੰਦਾ | 150 ਰੁਪਏ/100ਯੂ ਐਸ ਡਾਲਰ |
| ਪੰਜ ਸਾਲਾਂ ਲਈ | 600 ਰੁਪਏ/400ਯੂ ਐਸ ਡਾਲਰ |
| ਦਸ ਸਾਲਾਂ ਲਈ | 1200 ਰੁਪਏ/1000ਯੂ ਐਸ ਡਾਲਰ |
| ਉਮਰ ਭਰ ਲਈ (30 ਸਾਲ ਲਗਾਤਾਰ) | 2200 ਰੁਪਏ/1500ਯੂ ਐਸ ਡਾਲਰ |
| ਸੰਸਥਾਵਾਂ ਲਈ (30 ਸਾਲ ਲਗਾਤਾਰ) | 5000 ਰੁਪਏ/2000ਯੂ ਐਸ ਡਾਲਰ |

ਪ੍ਰਕਾਸ਼ਨਾਵਾਂ ਬਾਰੇ ਜਾਣਕਾਰੀ ਅਤੇ ਅਦਾਇਗੀਆਂ ਹੇਠਾਂ ਦਰਸਾਏ ਪਤੇ ਤੇ ਭੇਜੀਆਂ ਜਾਣ :

ਬਿਜਨਸ ਮੈਨੇਜਰ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ - 141004


ਫੋਨ ਨੰ. : 0161-2401960-79 ਐਕਸਟੈਂਸ਼ਨ (475)


ਨੋਟ : ਡਿਮਾਂਡ ਡਰਾਫਟ ਕੰਪਟਰੋਲਰ, ਪੀ ਏ ਯੂ, ਲੁਧਿਆਣਾ ਦੇ ਨਾਂ ਤੇ ਬਣਾਏ ਜਾਣ। ਮਨੀ ਆਰਡਰ ਬਿਜਨਸ ਮੈਨੇਜਰ ਦੇ ਨਾਂ ਤੇ ਹੀ ਹੋਣੇ ਚਾਹੀਦੇ ਹਨ।

ਇੰਡੀਅਨ ਪੋਸਟਲ ਆਰਡਰ ਅਤੇ ਬਾਹਰ ਦੇ ਚੈੱਕ ਸਵੀਕਾਰ ਨਹੀਂ ਕੀਤੇ ਜਾਂਦੇ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮਾਸਿਕ ਪੱਤਰ

# ਪੜ੍ਹਨਾ ਆਪਣੀ ਲੋੜ ਬਣਾਓ




## ਚੰਗੀ ਖੇਤੀ ਅਤੇ ਪ੍ਰਾਗਰੈਸਿਵ ਫਾਰਮਿੰਗ ਦੇ ਚੰਦੇ

| | |
|---|---|
| ਇੱਕ ਕਾਪੀ | 15 ਰੁਪਏ/10ਯੂ ਐਸ ਡਾਲਰ |
| ਵਾਰਸ਼ਿਕ ਚੰਦਾ | 150 ਰੁਪਏ/100ਯੂ ਐਸ ਡਾਲਰ |
| ਪੰਜ ਸਾਲਾਂ ਲਈ | 600 ਰੁਪਏ/400ਯੂ ਐਸ ਡਾਲਰ |
| ਦਸ ਸਾਲਾਂ ਲਈ | 1200 ਰੁਪਏ/1000ਯੂ ਐਸ ਡਾਲਰ |
| ਉਮਰ ਭਰ ਲਈ (30 ਸਾਲ ਲਗਾਤਾਰ) | 2200 ਰੁਪਏ/1500ਯੂ ਐਸ ਡਾਲਰ |
| ਸੰਸਥਾਵਾਂ ਲਈ (30 ਸਾਲ ਲਗਾਤਾਰ) | 5000 ਰੁਪਏ/2000ਯੂ ਐਸ ਡਾਲਰ |

ਪ੍ਰਕਾਸ਼ਨਾਵਾਂ ਬਾਰੇ ਜਾਣਕਾਰੀ ਅਤੇ ਅਦਾਇਗੀਆਂ ਹੇਠਾਂ ਦਰਸਾਏ ਪਤੇ ਤੇ ਭੇਜੀਆਂ ਜਾਣ :

**ਬਿਜਨਸ ਮੈਨੇਜਰ**

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ - 141004
ਫੋਨ ਨੰ. : 0161-2401960-79 ਐਕਸਟੈਂਸ਼ਨ (475)

ਨੋਟ : ਡਿਮਾਂਡ ਡਰਾਫਟ **ਕੰਪਟਰੋਲਰ, ਪੀ ਏ ਯੂ, ਲੁਧਿਆਣਾ** ਦੇ ਨਾਂ ਤੇ ਬਣਾਏ ਜਾਣ। ਮਨੀ ਆਰਡਰ **ਬਿਜਨਸ ਮੈਨੇਜਰ** ਦੇ ਨਾਂ ਤੇ ਹੀ ਹੋਣੇ ਚਾਹੀਦੇ ਹਨ।

**ਇੰਡੀਅਨ ਪੋਸਟਲ ਆਰਡਰ ਅਤੇ ਬਾਹਰ ਦੇ ਚੈੱਕ ਸਵੀਕਾਰ ਨਹੀਂ ਕੀਤੇ ਜਾਂਦੇ**